Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 160 | Friday, August 13, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਕੈਨੇਡਾ ਸਰਕਾਰ ਵੱਲੋਂ ਇਸ ਸਾਲ ਖੋਲ੍ਹਿਆ ਜਾਵੇਗਾ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ




ਦਿੱਲੀ ਗੁਰਦੁਆਰਾ ਕਮੇਟੀ ਦੇ ਖਾਤਿਆਂ ਦੇ ਆਡਿਟ ਬਾਰੇ ਸਿਰਸਾ ਨੂੰ ਹਾਈਕੋਰਟ ਦਾ ਨੋਟਿਸ




## ਛੁੱਟੀ 'ਤੇ ਰਹਿਣ ਦੇ ਦਿੱਤੇ ਗਏ ਹੁਕਮਾਂ ਮਗਰੋਂ ਲਿਬਰਲਾਂ ਤੇ ਐਡਮਿਰਲ ਦਰਮਿਆਨ ਮਾਮਲਾ ਭਖਿਆ

ਓਟਵਾ, 12 ਅਗਸਤ (ਪੋਸਟ ਬਿਊਰੋ) : ਫੈਡਰਲ ਲਿਬਰਲ ਸਰਕਾਰ ਤੇ ਐਡਮਿਰਲ ਆਰਟ ਮੈਕਡੌਨਲਡ ਦਰਮਿਆਨ ਲੜਾਈ ਉਸ ਸਮੇਂ ਹੋਰ ਤੇਜ਼ ਹੋ ਗਈ ਜਦੋਂ ਵੀਰਵਾਰ ਨੂੰ ਕੈਬਨਿਟ ਮੰਤਰੀਆਂ ਨੇ ਨੇਵੀ ਦੇ ਇਸ ਅਧਿਕਾਰੀ ਨੂੰ ਕੈਨੇਡੀਅਨ ਆਰਮਡ ਫੋਰਸਿਜ਼ ਦੇ ਕਮਾਂਡਰ ਵਜੋਂ ਪਰਤਣ ਦੀ ਥਾਂ ਛੁੱਟੀ ਉੱਤੇ ਰਹਿਣ ਦੇ ਹੁਕਮ ਚਾੜ੍ਹ ਦਿੱਤੇ।

ਸੰਭਾਵੀ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਇਸ ਤਰ੍ਹਾਂ ਦੇ ਚੁੱਕੇ ਗਏ ਕਦਮ ਨਾਲ ਇਸ ਮਾਮਲੇ ਵਿੱਚ ਇੱਕ ਹੋਰ ਨਵਾਂ ਮੋੜ ਆ ਗਿਆ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਮੈਕਡੌਨਲਡ ਦੇ ਵਕੀਲਾਂ ਨੇ ਇੱਕ ਬਿਆਨ ਜਾਰੀ ਕਰਕੇ ਇਹ ਆਖਿਆ ਸੀ ਕਿ ਉਨ੍ਹਾਂ ਦਾ ਕਲਾਇੰਟ ਚੀਫ ਆਫ ਦ ਡਿਫੈਂਸ ਸਟਾਫ ਵਜੋਂ ਪਰਤਣ ਦੀ ਯੋਜਨਾ ਬਣਾ ਰਿਹਾ ਹੈ।



ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੈਕਡੌਨਲਡ ਉੱਤੇ ਸ਼ੋਸ਼ਣ ਸਬੰਧੀ ਲੱਗੇ ਦੋਸ਼ਾਂ ਦੀ ਚੱਲ ਰਹੀ ਜਾਂਚ, ਜੋ ਕਿ ਮਿਲਟਰੀ ਪੁਲਿਸ ਵੱਲੋਂ ਕੀਤੀ ਜਾ ਰਹੀ ਸੀ, ਮੁੱਕ ਚੁੱਕੀ ਹੈ। ਪਿਛਲੇ ਹਫਤੇ ਮਿਲਟਰੀ ਪੁਲਿਸ ਵੱਲੋਂ ਮੈਕਡੌਨਲਡ ਖਿਲਾਫ ਕੋਈ ਵੀ ਚਾਰਜਿਜ਼ ਨਾ ਲਾਉਣ ਦਾ ਫੈਸਲਾ ਸੁਣਾਇਆ ਗਿਆ ਸੀ। ਮੈਕਡੌਨਲਡ ਦੀ ਟੀਮ ਨੇ ਇਸ ਦੇ ਹਵਾਲੇ ਨਾਲ ਹੀ ਇਹ ਆਖਿਆ ਸੀ ਕਿ ਐਡਮਿਰਲ ਦੇ ਕੈਨੇਡੀਅਨ ਆਰਮਡ ਫੋਰਸਿਜ਼ ਦੇ ਕਮਾਂਡਰ ਵਜੋਂ ਪਰਤਣ ਦਾ ਸਮਾਂ ਆ ਗਿਆ ਹੈ।

ਪਰ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਮੈਕਡੌਨਲਡ ਦੇ ਵਕੀਲਾਂ ਦੇ ਇਸ ਬਿਆਨ ਦਾ ਜਵਾਬ ਦਿੰਦਿਆਂ ਕੁੱਝ ਘੰਟੇ ਬਾਅਦ ਇਹ ਆਖਿਆ ਸੀ ਕਿ ਜਦੋਂ ਤੱਕ ਸਰਕਾਰ ਉਨ੍ਹਾਂ ਬਾਰੇ ਕੋਈ ਫੈਸਲਾ ਨਹੀਂ ਕਰ ਲੈਂਦੀ ਉਦੋਂ ਤੱਕ ਉਨ੍ਹਾਂ ਨੂੰ ਛੁੱਟੀ ਉੱਤੇ ਹੀ ਰਹਿਣਾ ਚਾਹੀਦਾ ਹੈ।ਜਾਂਚ ਦੇ ਚੱਲਦਿਆਂ ਮੈਕਡੌਨਲਡ ਨੇ 24 ਫਰਵਰੀ ਨੂੰ ਆਪ ਹੀ ਡਿਫੈਂਸ ਚੀਫ ਦਾ ਅਹੁਦਾ ਛੱਡ ਦਿੱਤਾ ਸੀ ਤੇ ਲੈਫਟੀਨੈਂਟ ਜਨਰਲ ਵੇਅਨ ਏਅਰ ਨੂੰ ਕਾਰਜਕਾਰੀ ਡਿਫੈਂਸ ਚੀਫ ਬਣਾਇਆ ਗਿਆ ਸੀ। ਸੱਜਣ ਨੇ ਸੰਕੇਤ ਦਿੱਤਾ ਹੈ ਕਿ ਏਅਰ ਹੀ ਕਾਰਜਕਾਰੀ ਡਿਫੈਂਸ ਚੀਫ ਬਣੇ ਰਹਿਣਗੇ।

## ਐਤਵਾਰ ਨੂੰ ਫੈਡਰਲ ਚੋਣਾਂ ਦਾ ਐਲਾਨ ਕਰਨਗੇ ਟਰੂਡੋ ?

ਓਟਵਾ, 12 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਐਤਵਾਰ ਨੂੰ ਫੈਡਰਲ ਚੋਣਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਕਿਆਸਅਰਾਈਆਂ ਦੇ ਚੱਲਦਿਆਂ 20 ਸਤੰਬਰ ਨੂੰ ਵੋਟਾਂ ਪੈ ਸਕਦੀਆਂ ਹਨ। ਇਹ ਜਾਣਕਾਰੀ ਰੌਇਟਰਜ਼ ਦੇ ਸੂਤਰਾਂ ਵੱਲੋਂ ਦਿੱਤੀ ਗਈ।

ਮਹਾਂਮਾਰੀ ਵਿੱਚ ਫੈਡਰਲ ਪੱਧਰ ਉੱਤੇ ਚੋਣਾਂ ਹੋਣਗੀਆਂ ਜਾਂ ਨਹੀਂ ਇਸ ਬਾਰੇ ਕਈ ਮਹੀਨਿਆਂ ਦ ੀ ਅ ਾਂ



ਕਿਆਸਅਰਾਈਆਂ ਤੋਂ ਬਾਅਦ ਇਹ ਪਤਾ ਲੱਗਿਆ ਹੈ ਕਿ ਟਰੂਡੋ ਇਸ ਵੀਕੈਂਡ ਉੱਤੇ ਰੀਡੋ ਹਾਲ ਵਿਖੇ ਗਵਰਨਰ ਜਨਰਲ ਮੈਰੀ ਸਾਇਮਨ ਨਾਲ ਮੁਲਾਕਾਤ ਕਰਨਗੇ ਤੇ 43ਵੀਂ ਸੰਸਦ ਭੰਗ ਕਰਨ ਦੀ ਮੰਗ ਕਰਨਗੇ। ਇਸ ਨਾਲ ਇਸ ਸਾਲ ਦੇ ਅੰਤ ਵਿੱਚ ਚੋਣਾਂ ਦੀਆਂ ਸੰਭਾਵਨਾਵਾਂ ਨੇ ਹੋਰ ਜ਼ੋਰ ਫੜ੍ਹ ਲਿਆ ਹੈ। ਅਜੇ ਇਨ੍ਹਾਂ ਖਬਰਾਂ ਦੀ ਪੁਸ਼ਟੀ ਨਹੀਂ ਹੋਈ ਹੈ।

ਜੇ ਇਸ ਐਤਵਾਰ ਚੋਣ ਮੁਹਿੰਮ ਸ਼ੁਰੂ ਹੁੰਦੀ ਹੈ ਤਾਂ 2021 ਦੀਆਂ ਫੈਡਰਲ ਚੋਣਾਂ ਲਈ ਇਹ ਕੈਂਪੇਨ 36 ਦਿਨਾਂ ਤੱਕ ਚੱਲੇਗੀ, ਜੋ ਕਿ ਇਲੈਕਸ਼ਨਜ਼ ਲਾਅ ਤਹਿਤ ਮਨਜ਼ੂਰ ਸੱਭ ਤੋਂ ਘੱਟ ਅਰਸਾ ਹੈ। ਇਸ ਸਮੇਂ ਚੋਣਾਂ ਦਾ ਐਲਾਨ ਕਰਨ ਦਾ ਮਤਲਬ ਹੋਵੇਗਾ ਕੈਨੇਡੀਅਨਜ਼ ਨੂੰ ਪੰਜ ਹਫਤਿਆਂ ਤੱਕ ਕੈਂਪੇਨਿੰਗ ਵਿੱਚੋਂ ਲੰਘਣਾ ਹੋਵੇਗਾ, ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਪੂਰੇ ਦੇਸ਼ ਵਿੱਚ ਇੱਕ ਸਿਰੇ ਤੋਂ ਦੂਜੇ ਸਿਰ ਤੱਕ ਭੱਜ ਨੱਠ ਕਰਦਿਆਂ ਵੇਖਣਾ ਹੋਵੇਗਾ, ਪਾਰਟੀਆਂ ਦੇ ਉਮੀਦਵਾਰਾਂ ਨਾਲ ਮੁਲਾਕਾਤ ਕਰਨੀ ਹੋਵੇਗੀ, ਉਨ੍ਹਾਂ ਦੇ ਪਲੇਟਫਾਰਮਜ਼ ਸੁਣਨੇ ਹੋਣਗੇ ਤੇ ਇਹ ਸੱਭ ਮਹਾਂਮਾਰੀ ਦੇ ਇਸ ਦੌਰ ਵਿੱਚ ਸਿਹਤ ਸਬੰਧੀ ਪਾਬੰਦੀਆਂ ਦੇ ਬਾਵਜੂਦ ਕਰਨਾ ਹੋਵੇਗਾ।

ਹਾਲਾਂਕਿ ਅਗਲੀਆਂ ਚੋਣਾਂ, ਜੇ ਨਿਰਧਾਰਤ ਸਮੇਂ ਉੱਤੇ ਹੁੰਦੀਆਂ ਹਨ ਤਾਂ ਉਨ੍ਹਾਂ ਲਈ ਅਕਤੂਬਰ 2023 ਮਹੀਨਾ ਤੇ ਸਾਲ ਤੈਅ ਹੈ।ਘੱਟ ਗਿਣਤੀ ਸਰਕਾਰਾਂ ਚੋਣਾਂ ਦਰਮਿਆਨ ਮਸਾਂ ਹੀ ਚਾਰ ਸਾਲ ਦਾ ਸਮਾਂ ਪੂਰਾ ਕਰਦੀਆਂ ਹਨ। 2019 ਦੀਆਂ ਫੈਡਰਲ ਚੋਣਾਂ ਵਿੱਚ ਵੋਟਰਾਂ ਨੇ ਲਿਬਰਲਾਂ ਦੀ ਬਹੁਗਿਣਤੀ ਨੂੰ ਘਟਾ ਕੇ ਮਾਇਨਾਰਟੀ ਸਰਕਾਰ ਬਣਾ ਦਿੱਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਲਿਬਰਲਾਂ ਨੂੰ ਕਈ ਝਟਕੇ ਬਰਦਾਸ਼ਤ ਕਰਨੇ ਪਏ ਹਨ।


ਐਤਵਾਰ ਨੂੰ ਰੀਡੋ ਹਾਲ ਦੇ ਬਾਹਰ ਟਰੂਡੋ ਨੂੰ ਇਹ ਦੱਸਣਾ ਹੋਵੇਗਾ ਕਿ ਮਹਾਂਮਾਰੀ ਦੌਰਾਨ ਜਦੋਂ ਰੀਓਪਨਿੰਗ ਤੇ ਵੈਕਸੀਨੇਸ਼ਨ ਸਬੰਧੀ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ ਤੇ ਡੈਲਟਾ ਵੇਰੀਐਂਟ ਕਾਰਨ ਚੌਥੀ ਵੇਵ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਅਜਿਹੇ ਵਿੱਚ ਉਨ੍ਹਾਂ ਵੱਲੋਂ ਅਚਨਚੇਤੀ ਚੋਣਾਂ ਦਾ ਐਲਾਨ ਕਿਉਂ ਕੀਤਾ ਜਾ ਰਿਹਾ ਹੈ। ਇਸ ਉੱਤੇ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਅਚਨਚੇਤੀ ਚੋਣਾਂ ਖਿਲਾਫ ਗੱਲ ਕੀਤੀ ਜਾ ਰਹੀ ਹੈ ਪਰ ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਪੂਰੀਆਂ ਗਰਮੀਆਂ ਚੋਣਾਂ ਦੀ ਤਿਆਰੀ ਕਰਦਿਆਂ ਹੀ ਬਿਤਾਈਆਂ ਗਈਆਂ ਹਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਪਿਤਾ ਨੇ ਦੋ ਬੱਚਿਆਂ ਸਮੇਤ ਕਾਰ ਝੀਲ ਵਿੱਚ ਉਤਾਰੀ, ਸਾਰੇ ਜੀਆਂ ਦੀ ਹੋਈ ਮੌਤ

ਓਨਟਾਰੀਓ, 12 ਅਗਸਤ (ਪੋਸਟ ਬਿਊਰੋ) : ਉੱਤਰੀ ਓਨਟਾਰੀਓ ਸਿਟੀ ਵਿੱਚ ਇੱਕ ਪਿਤਾ ਵੱਲੋਂ ਜਾਣਬੁੱਝ ਕੇ ਆਪਣੇ ਦੋ ਬੱਚਿਆਂ ਸਮੇਤ ਕਾਰ ਨੂੰ ਲੇਕ ਵਿੱਚ ਉਤਾਰ ਦਿੱਤਾ ਗਿਆ, ਜਿਸ ਕਾਰਨ ਗੱਡੀ ਵਿੱਚ ਸਵਾਰ ਸਾਰੇ ਜੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਵੀਰਵਾਰ ਨੂੰ ਦਿੱਤੀ।

ਪੁਲਿਸ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ 42 ਸਾਲਾ ਜੂਲੀਅਨ



ਓਟੋਸਨ, ਉਸ ਦੀ ਸੱਤ ਸਾਲਾ ਧੀ ਇਸਾਬੈਲਾ ਤੇ 11 ਸਾਲਾ ਲੜਕੇ ਸਾਇਮਨ, ਦੀ ਮੌਤ ਟਿਮਿਨਿਸ ਵਿੱਚ ਲਿਟਲ ਪਰਲ ਲੇਕ ਵਿੱਚ ਕਾਰ ਡੁੱਬ ਜਾਣ ਕਾਰਨ ਹੋ ਗਈ। ਪੁਲਿਸ ਨੇ ਆਖਿਆ ਕਿ ਇਹ ਜਾਣਬੁੱਝ ਕੇ ਅੰਜਾਮ ਦਿੱਤਾ ਗਿਆ ਹਾਦਸਾ ਸੀ, ਜਿਸ ਵਿੱਚ ਪਿਤਾ ਹੀ ਆਪਣੇ ਦੋ ਬੱਚਿਆਂ ਤੇ ਖੁਦ ਦੀ ਜਾਨ ਲੈਣ ਲਈ ਜ਼ਿੰਮੇਵਾਰ ਸੀ। ਇਸ ਮਾਮਲੇ ਦੀ ਜਾਂਚ ਕਤਲ ਮੰਨ ਕੇ ਕੀਤੀ ਜਾ ਰਹੀ ਹੈ।

ਜੂਲੀਅਨ ਓਟਸਨ ਦੇ ਪਰਿਵਾਰ ਨੇ ਇਸ ਹਾਦਸੇ ਦੇ ਕਾਰਨਾਂ ਦੀ ਜਾਣਕਾਰੀ ਦਿੰਦਿਆਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਇਹ ਘਟਨਾ ਕਿਉਂ ਵਾਪਰੀ ਇਸ ਬਾਰੇ ਉਹ ਸਪਸ਼ਟ ਤਾਂ ਕੁੱਝ ਨਹੀਂ ਦੱਸ ਸਕਦੇ ਪਰ ਜੋ ਵਾਪਰਿਆ ਹੋਵੇਗਾ ਉਸ ਦਾ ਥੋੜ੍ਹਾ ਬਹੁਤ ਖੁਲਾਸਾ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਚਾਰ ਸਾਲ ਪਹਿਲਾਂ ਓਟੋਸਨ ਨੂੰ ਹਨਟਿੰਗਟਨਜ਼ ਡਜ਼ੀਜ਼ ਹੋਈ ਸੀ, ਇਸੇ ਕਾਰਨ ਉਸ ਦੀ ਮਾਂ ਦੀ ਮੌਤ ਵੀ ਹੋਈ ਸੀ। ਪਰਿਵਾਰ ਨੇ ਦੱਸਿਆ ਕਿ ਇਹ ਬਿਮਾਰੀ ਇੱਕ ਤਰ੍ਹਾਂ ਪਾਰਕਿੰਸਨ ਤੇ ਅਲਜ਼ਾਈਮਰ ਦਾ ਮਿਕਸ ਹੈ। ਇਸ ਗੱਲ ਦੀ 50 ਫੀਸਦੀ ਸੰਭਾਵਨਾ ਹੈ ਕਿ ਬੱਚੇ ਨੂੰ ਇਹ ਬਿਮਾਰੀ ਆਪਣੇ ਮਾਪਿਆਂ ਤੋਂ ਮਿਲਦੀ ਹੈ।

ਇਸ ਡਾਇਗਨੌਸਿਸ ਨੇ ਜੂਲੀਅਨ ਦੀ ਮਾਨਸਿਕ ਸਿਹਤ ਉੱਤੇ ਕਾਫੀ ਅਸਰ ਪਾਇਆ। ਆਪਣੀ ਪਤਨੀ ਦੀ ਮਦਦ ਨਾਲ ਉਹ ਇਸ ਬਿਮਾਰੀ ਨਾਲ ਲੜਨ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਕਿ ਦੋ ਸਾਲ ਪਹਿਲਾਂ ਉਸ ਦੀ ਪਤਨੀ ਕੈਂਸਰ ਕਾਰਨ ਮਰ ਗਈ। ਇਸ ਨਾਲ ਉਨ੍ਹਾਂ ਦੇ ਬੱਚਿਆਂ ਵਿੱਚ ਇਨ੍ਹਾਂ ਬਿਮਾਰੀਆਂ ਦੇ ਹੈਰੇਡਿਟਰੀ ਹੋਣ ਦਾ ਖਤਰਾ ਵੱਧ ਗਿਆ।ਇਸ ਨਾਲ ਜੂਲੀਅਨ ਟੁੱਟ ਗਿਆ। ਉਸ ਨੂੰ ਇਹ ਲੱਗਣ ਲੱਗਿਆ ਕਿ ਬੱਚਿਆਂ ਨੂੰ ਨਾ ਸਿਰਫ ਮਾਂ ਦੀ ਮੌਤ ਨਾਲ ਜੂਝਣਾ ਹੋਵੇਗਾ ਸਗੋਂ ਜਲਦ ਹੀ ਆਪਣੇ ਪਿਤਾ ਦੀ ਮੌਤ ਨਾਲ ਵੀ ਜੂਝਣਾ ਹੋਵੇਗਾ। ਉਨ੍ਹਾਂ ਨੂੰ ਦੋ ਘਾਤਕ ਬਿਮਾਰੀਆਂ ਹੋਣ ਦਾ ਡਰ ਵੀ ਹਮੇਸ਼ਾਂ ਬਣਿਆ ਰਹੇਗਾ।

ਪਰਿਵਾਰ ਨੇ ਆਖਿਆ ਕਿ ਉਹ ਉਸ ਵੱਲੋਂ ਚੁੱਕੇ ਗਏ ਕਦਮ ਦੀ ਸਫਾਈ ਨਹੀਂ ਦੇ ਰਹੇ ਸਗੋਂ ਇਸ ਲਈ ਇਹ ਜਾਣਕਾਰੀ ਦੇ ਰਹੇ ਹਨ ਕਿ ਅਜਿਹੇ ਹਾਲਾਤ ਕਿਉਂ ਬਣੇ ਜਿਸ ਕਾਰਨ ਉਸ ਨੇ ਇਹ ਕਦਮ ਚੁੱਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਚੋਣਾਂ ਦਾ ਐਲਾਨ ਅਜੇ ਹੋਇਆ ਨਹੀਂ ਪਰ ਲੀਡਰ ਪੂਰੀ ਤਿਆਰੀ ਵਿੱਚ...

ਓਟਵਾ, 12 ਅਗਸਤ (ਪੋਸਟ ਬਿਊਰੋ) : ਆਉਣ ਵਾਲੇ ਦਿਨਾਂ ਵਿੱਚ ਚੋਣਾਂ ਕਦੋਂ ਹੋਣਗੀਆਂ ਜਾਂ ਨਹੀਂ ਭਾਵੇਂ ਅਜੇ ਇਹ ਤੈਅ ਨਹੀਂ ਹੋਇਆ ਹੈ ਪਰ ਫੈਡਰਲ ਵਿਰੋਧੀ ਪਾਰਟੀਆਂ ਪੂਰੀ ਤਰ੍ਹਾਂ ਮੈਦਾਨ ਵਿੱਚ ਨਿੱਤਰ ਚੁੱਕੀਆਂ ਲੱਗਦੀਆਂ ਹਨ। ਹਰ ਆਗੂ ਮੌਕੇ ਦਾ ਫਾਇਦਾ ਉਠਾਉਣ ਲਈ ਪੱਬਾਂ ਭਾਰ ਨਜ਼ਰ ਆ ਰਿਹਾ ਹੈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਪੂਰੇ ਦੇਸ਼ ਵਿੱਚ ਇੱਕ ਕੋਨੇ ਤੋਂ ਦੂਜੇ ਕੋਨੇ ਵਿੱਚ ਭੱਜ ਨੱਠ ਕਰਦੇ ਵੇਖੇ ਜਾ ਸਕਦੇ ਹਨ। ਪਿਛਲੇ ਚਾਰ ਹਫਤਿਆਂ ਵਿੱਚ ਓਟੂਲ ਘੱਟੋ ਘੱਟ ਸੱਤ ਪ੍ਰੋਵਿੰਸਾਂ ਵਿੱਚ ਥੋੜ੍ਹੀ ਥੋੜ੍ਹੀ ਦੇਰ ਲਈ ਰੁਕ ਕੇ ਆਪਣੀ ਪਾਰਟੀ ਤੇ ਇਸ ਦੇ ਏਜੰਡੇ ਦਾ ਪ੍ਰਚਾਰ ਕਰ ਚੁੱਕੇ ਹਨ।

ਬੁੱਧਵਾਰ ਨੂੰ ਵਾਟਰਲੂ, ਓਨਟਾਰੀਓ



ਵਿੱਚ ਰੁਕ ਕੇ ਉਨ੍ਹਾਂ ਕੈਨੇਡਾ ਵਿੱਚ ਵਿਕਸਤ ਤੇ ਪੇਟੈਂਟ ਕਰਵਾਈਆਂ ਗਈਆਂ ਟੈਕਨਾਲੋਜੀਜ਼ ਉੱਤੇ ਇਨਕਮ ਟੈਕਸ ਦੀ ਦਰ ਘਟਾਉਣ ਦੀ ਆਪਣੀ ਯਜਨਾ ਉੱਤੇ ਚਾਨਣਾ ਪਾਇਆ। ਇਸ ਦੇ ਨਾਲ ਹੀ ਉਨ੍ਹਾਂ 2025 ਤੱਕ ਹਰੇਕ ਕੈਨੇਡੀਅਨ ਨੂੰ ਹਾਈ ਸਪੀਡ ਇੰਟਰਨੈੱਟ ਨਾਲ ਜੋੜਨ ਦਾ ਤਹੱਈਆ ਵੀ ਪ੍ਰਗਟਾਇਆ।

ਇਸ ਦੌਰਾਨ ਜਗਮੀਤ ਸਿੰਘ ਨੇ ਐਨਡੀਪੀ ਦੇ ਏਜੰਡੇ ਦੀ ਗੱਲ ਕਰਦਿਆਂ ਸਾਰਾ ਜ਼ੋਰ ਰੋਜ਼ਗਾਰ, ਹੈਲਥ ਕੇਅਰ ਤੇ ਵਾਤਾਵਰਣ ਉੱਤੇ ਤਰਜੀਹੀ ਤੌਰ ਉੱਤੇ ਲਾਉਣ ਦਾ ਵਾਅਦਾ ਕੀਤਾ। ਇਸ ਦੇ ਨਾਲ ਹੀ ਜਗਮੀਤ ਸਿੰਘ ਪੇਡ ਸਿੱਕ ਲੀਵ, ਯੂਨੀਵਰਸਲ ਫਾਰਮਾਕੇਅਰ, ਤੇਜ਼ੀ ਨਾਲ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਘੱਟ ਕਰਨ ਤੇ ਵਿਦਿਆਰਥੀਆਂ ਸਿਰ ਚੜ੍ਹੇ ਕਰਜ਼ੇ ਨੂੰ ਰੱਦ ਕਰਨ ਵਰਗੀਆਂ ਵਚਨਬੱਧਤਾਵਾਂ ਵੀ ਦੁਹਾਰਾ ਰਹੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਪਿਛਲੇ ਕੁੱਝ ਹਫਤਿਆਂ ਵਿੱਚ ਕੈਨੇਡਾ ਭਰ ਦਾ ਦੌਰਾ ਕਰਦੇ ਨਜ਼ਰ ਆ ਰਹੇ ਹਨ। ਟਰੂਡੋ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵੱਲੋਂ ਪਿਛਲੇ ਕੁੱਝ ਦਿਨਾਂ ਵਿੱਚ ਹੀ ਦੇਸ਼ ਦੇ ਅੱਧੇ ਤੋਂ ਵੱਧ ਪ੍ਰੀਮੀਅਰਜ਼ ਨਾਲ ਚਾਈਲਡ ਕੇਅਰ ਫੰਡਿੰਗ ਸਬੰਧੀ ਡੀਲਜ਼ ਕੀਤੀਆਂ ਜਾ ਚੁੱਕੀਆਂ ਹਨ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਕਈ ਤਰ੍ਹਾਂ ਦੇ ਫੰਡਾਂ ਸਬੰਧੀ ਐਲਾਨ ਵੀ ਕਰ ਚੁੱਕੇ ਹਨ।

# ਜੌਹਨਸਨ ਐਂਡ ਜੌਹਨਸਨ ਦੀਆਂ 10 ਮਿਲੀਅਨ ਡੋਜ਼ਾਂ ਲੋੜਵੰਦ ਦੇਸ਼ਾਂ ਨੂੰ ਡੋਨੇਟ ਕਰੇਗਾ ਕੈਨੇਡਾ

ਓਟਵਾ, 12 ਅਗਸਤ (ਪੋਸਟ ਬਿਊਰੋ) : ਜੌਹਨਸਨ ਐਂਡ ਜੌਹਨਸਨ ਤੋਂ ਖਰੀਦੀਆਂ 10 ਮਿਲੀਅਨ ਡੋਜ਼ਾਂ ਕੈਨੇਡਾ ਵੱਲੋਂ ਡੋਨੇਟ ਕੀਤੀਆਂ ਜਾਣਗੀਆਂ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਵੱਲੋਂ ਐਲਾਨ ਕੀਤਾ ਗਿਆ ਕਿ ਇਹ ਡੋਨੇਸ਼ਨ ਵੈਕਸੀਨ ਸ਼ੇਅਰਿੰਗ ਅਲਾਇੰਸ ਕੋਵੈਕਸ ਰਾਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਕਈ ਦੇਸ਼ ਅਜੇ ਵੀ ਵੈਕਸੀਨ ਦੀ ਘਾਟ ਕਾਰਨ ਕਾਫੀ ਸੰਘਰਸ਼ ਕਰ ਰਹੇ ਹਨ। ਹੈਲਥ ਕੈਨੇਡਾ ਨੇ ਮਾਰਚ ਦੇ ਸ਼ੁਰੂ ਵਿੱਚ ਜੇ ਐਂਡ ਜੇ ਦੀ ਕੋਵਿਡ-19 ਵੈਕਸੀਨ ਨੂੰ ਮਾਨਤਾ ਦਿੱਤੀ ਸੀ ਪਰ ਇਸ ਵੈਕਸੀਨ ਦੀ ਕੈਨੇਡਾ ਵਿੱਚ ਕਦੇ ਵਰਤੋਂ ਨਹੀਂ ਕੀਤੀ ਗਈ।




ਅਪਰੈਲ ਦੇ ਅਖੀਰ ਵਿੱਚ ਕੈਨੇਡਾ ਆਈਆਂ ਇਸ ਵੈਕਸੀਨ ਦੀਆਂ 330,000 ਡੋਜ਼ਾਂ ਨੂੰ ਕਈ ਮਹੀਨਿਆਂ ਤੱਕ ਕੁਆਰਨਟੀਨ ਕਰਕੇ ਰੱਖਿਆ ਗਿਆ ਸੀ। ਫੈਡਰਲ ਸਰਕਾਰ ਦਾ ਮੰਨਣਾ ਸੀ ਕਿ ਬਾਲਟੀਮੋਰ ਦੀ ਜਿਸ ਪ੍ਰੋਡਕਸ਼ਨ ਫੈਸਿਲਿਟੀ ਵਿੱਚ ਇਹ ਵੈਕਸੀਨ ਤਿਆਰ ਕੀਤੀ ਗਈ ਸੀ ਉਹ ਸੰਭਾਵੀ ਤੌਰ ਉੱਤੇ ਸਹੀ ਨਹੀਂ ਸੀ। ਹੈਲਥ ਕੈਨੇਡਾ ਨੇ ਆਖਿਆ ਕਿ ਇਨ੍ਹਾਂ ਡੋਜ਼ਾਂ ਦੀ ਪੁਸ਼ਟੀ ਨਹੀਂ ਹੋ ਪਾਈ ਤੇ ਇਸ ਲਈ ਆਖਿਰਕਾਰ ਇਨ੍ਹਾਂ ਡੋਜ਼ਾਂ ਨੂੰ ਕੰਪਨੀ ਨੂੰ ਹੀ ਮੋੜ ਦਿੱਤਾ ਗਿਆ।

ਹੁਣ ਜਦੋਂ ਹੋਰਨਾਂ ਉਤਪਾਦਕਾਂ ਵੱਲੋਂ ਭੇਜੀਆਂ ਗਈਆਂ ਵੈਕਸੀਨਜ਼ ਕਾਫੀ ਜ਼ਿਆਦਾ ਹੋ ਗਈਆਂ ਹਨ ਤਾਂ ਆਨੰਦ ਨੇ ਆਖਿਆ ਕਿ ਕੈਨੇਡਾ ਇਹ ਵੈਕਸੀਨ ਉਨ੍ਹਾਂ ਦੇਸ਼ਾਂ ਨੂੰ ਭੇਜੇਗਾ ਜਿਨ੍ਹਾਂ ਨੂੰ ਇਨ੍ਹਾਂ ਦੀ ਕਾਫੀ ਲੋੜ ਹੈ। ਪਿਛਲੇ ਮਹੀਨੇ ਫੈਡਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਐਸਟ੍ਰਾਜ਼ੈਨੇਕਾ-ਆਕਸਫੋਰਡ ਵੈਕਸੀਨ ਦੀਆਂ ਲੱਗਭਗ 18 ਮਿਲੀਅਨ ਡੋਜ਼ਾਂ ਘੱਟ ਆਮਦਨ ਵਾਲੇ ਮੁਲਕਾਂ ਨੂੰ ਡੋਨੇਟ ਕਰੇਗਾ।

## ਸਟਰੀਟਕਾਰ ਤੇ ਗੱਡੀ ਵਿੱਚ ਹੋਈ ਟੱਕਰ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਮੰਗਲਵਾਰ ਨੂੰ ਕਿੰਗ ਤੇ ਸ਼ੇਰਬੌਰਨ ਸਟਰੀਟਸ ਨੇੜੇ ਸਟਰੀਟਕਾਰ ਤੇ ਇੱਕ ਹੋਰ ਗੱਡੀ ਦੀ ਟੱਕਰ ਹੋ ਗਈ।

ਸ਼ਾਮੀਂ 5:00 ਵਜੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਪੁਲਿਸ ਮੌਕੇ ਉੱਤੇ ਪਹੁੰਚੀ। ਇਸ ਹਾਦਸੇ ਕਾਰਨ ਗੱਡੀ ਦੇ ਦਰਵਾਜ਼ੇ ਬੁਰੀ ਤਰ੍ਹਾਂ ਟੁੱਟ ਭੱਜ ਗਏ। ਪਰ ਕਾਰ ਦੇ ਏਅਰਬੈਗਜ਼ ਖੁੱਲ੍ਹ ਜਾਣ ਕਾਰਨ ਕਿਸੇ ਨੂੰ ਸੱਟ ਫੇਟ ਵੱਜਣ ਤੋਂ ਬਚਾਅ ਹੋ ਗਿਆ।

ਇਸ ਹਾਦਸੇ ਕਾਰਨ ਸਟਰੀਟਕਾਰ ਸਰਵਿਸ ਵਿੱਚ ਅੰਦਾਜ਼ਨ ਇੱਕ ਘੰਟੇ ਤੱਕ ਵਿਘਨ ਪਿਆ ਰਿਹਾ ਪਰ ਬਾਅਦ ਵਿੱਚ ਇਹ ਸਰਵਿਸ ਸ਼ੁਰੂ ਹੋ ਗਈ।

# ਵੈਕਸੀਨ ਪਾਸਪੋਰਟ ਸ਼ੁਰੂ ਕਰਨ ਦੇ ਫੈਸਲੇ ਦਾ ਏਅਰਲਾਈਨ ਐਸੋਸਿਏਸ਼ਨ ਵੱਲੋਂ ਸਵਾਗਤ




ਓਟਵਾ, 12 ਅਗਸਤ (ਪੋਸਟ ਬਿਊਰੋ) : ਕੈਨੇਡਾ ਦੀ ਏਅਰਲਾਈਨ ਐਸੋਸਿਏਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਫੈਡਰਲ ਸਰਕਾਰ ਕੌਮਾਂਤਰੀ ਟਰੈਵਲ ਲਈ ਵੈਕਸੀਨ ਪਾਸਪੋਰਟ ਸ਼ੁਰੂ ਕਰਨ ਜਾ ਰਹੀ ਹੈ।

ਨੈਸ਼ਨਲ ਏਅਰਲਾਈਨਜ਼ ਕਾਊਂਸਲ ਆਫ ਕੈਨੇਡਾ ਦੇ ਪ੍ਰੈਜ਼ੀਡੈਂਟ ਤੇ ਸੀਈਓ ਮਾਈਕ ਮੈਕਨੈਨੇ ਨੇ ਆਖਿਆ ਕਿ ਦੇਸ਼ ਵਿੱਚ ਮੁੜ ਟਰੈਵਲ ਤੇ ਟੂਰਿਜ਼ਮ ਸੈਕਟਰ ਨੂੰ ਸ਼ੁਰੂ ਕਰਨ ਲਈ ਵੈਕਸੀਨ ਸਟੇਟਸ ਦੀ ਡਿਜੀਟਲ ਸਰਟੀਫਿਕੇਸ਼ਨ ਬਹੁਤ ਜ਼ਰੂਰੀ ਹੈ। ਫੈਡਰਲ ਸਰਕਾਰ ਨੇ ਬੁੱਧਵਾਰ ਨੂੰ ਇਸ ਤਰ੍ਹਾਂ ਦਾ ਪਾਸਪੋਰਟ ਸਿਸਟਮ ਲਿਆਉਣ ਦਾ ਐਲਾਨ ਕੀਤਾ ਸੀ।

ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਸੀ ਕਿ ਡਿਜੀਟਲ ਪਾਸ ਵਿੱਚ ਸਬੰਧਤ ਵਿਅਕਤੀ ਨੇ ਕਿਹੜੀ ਵੈਕਸੀਨ ਲਵਾਈ, ਉਹ ਕਿਸ ਦਿਨ ਲਵਾਈ ਤੇ ਕਿਹੜੀ ਥਾਂ ਉੱਤੇ ਲਵਾਈ ਆਦਿ ਵਰਗੀ ਅਹਿਮ ਜਾਣਕਾਰੀ ਹੋਵੇਗੀ। ਇਨ੍ਹਾਂ ਗਰਮੀਆਂ ਦੇ ਸ਼ੁਰੂ ਵਿੱਚ ਸਰਕਾਰ ਨੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਕੈਨੇਡੀਅਨ ਟਰੈਵਲਰਜ਼ ਲਈ ਕੁਆਰਨਟੀਨ ਕੀਤੇ ਜਾਣ ਦੀ ਸ਼ਰਤ ਹਟਾ ਦਿੱਤੀ ਸੀ।

ਮੈਕਨੈਨੇ ਨੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਸਾਰੀਆਂ ਸਰਕਾਰਾਂ ਰਲ ਕੇ ਇਸ ਪਾਸੇ ਕੰਮ ਕਰਨ ਤਾਂ ਕਿ ਇਸ ਸਾਲ ਦੇ ਅੰਤ ਤੱਕ ਵੈਕਸੀਨ ਪਾਸਪੋਰਟ ਸ਼ੁਰੂ ਕੀਤਾ ਜਾ ਸਕੇ।

# ਔਜਲਾ ਦੇ ਨਾਂ ਉੱਤੇ ਸਟਰੀਟ ਦਾ ਨਾਂ ਰੱਖਣ ਲਈ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਮਤਾ ਪਾਸ

ਬਰੈਂਪਟਨ, 12 ਅਗਸਤ (ਪੋਸਟ ਬਿਊਰੋ) : ਬਰੈਂਪਟਨ ਸਿਟੀ ਕਾਊਂਸਲ ਵੱਲੋਂ ਬੀਤੇ ਦਿਨੀਂ ਸਰਬਸੰਮਤੀ ਨਾਲ ਰੀਜਨਲ ਕਾਊਂਸਲਰ ਮਾਰਟਿਨ ਮੇਦੇਰੁਸ ਵੱਲੋਂ ਲਿਆਂਦੇ ਮਤੇ ਦਾ ਸਮਰਥਨ ਕੀਤਾ ਗਿਆ।

ਇਸ ਮਤੇ ਵਿੱਚ ਸਾਬਕਾ ਸਿਟੀ ਕਾਊਂਸਲਰ ਅਵਤਾਰ ਕੌਰ ਔਜਲਾ ਦੇ ਨਾਂ ਉੱਤੇ ਬਰੈਂਪਟਨ ਵਿੱਚ ਇੱਕ ਸੜਕ ਦਾ ਨਾਂ ਰੱਖਣ ਦੀ ਸਿਫਾਰਿਸ਼ ਕੀਤੀ ਗਈ ਸੀ। ਇਸ ਮਤੇ ਦੀ ਤਾਈਦ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਵੱਲੋਂ ਕੀਤੀ



ਗਈ ਤੇ ਸਰਬਸੰਮਤੀ ਨਾਲ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਔਜਲਾ ਸਾਊਥ ਏਸ਼ੀਅਨ ਮੂਲ ਦੀ ਅਜਿਹੀ ਪਹਿਲੀ ਮਹਿਲਾ ਸੀ ਜਿਸ ਨੂੰ ਬਰੈਂਪਟਨ ਕਾਊਂਸਲ ਵਿੱਚ ਚੁਣਿਆ ਗਿਆ ਤੇ ਉਨ੍ਹਾਂ 2000 ਤੋਂ ਲੈ ਕੇ 2003 ਤੱਕ ਵਾਰਡ ਨੰ•4 ਦੀ ਸੇਵਾ ਕੀਤੀ।

ਸਿਟੀ ਕਾਊਂਸਲਰ ਦੇ ਆਪਣੇ ਸਮੁੱਚੇ ਕਾਰਜਕਾਲ ਵਿੱਚ ਔਜਲਾ ਨੇ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ, ਵੰਨ-ਸੁਵੰਨਤਾ ਨੂੰ ਪ੍ਰਮੋਟ ਕਰਨ ਤੇ ਮਨੋਰੰਜਨ ਵਾਲੀਆਂ ਥਾਂਵਾਂ ਵਿੱਚ ਸੁਧਾਰ ਲਿਆਉਣ ਦੀ ਪੈਰਵੀ ਕਰਕੇ ਸਿਟੀ ਵਿੱਚ ਤਬਦੀਲੀ ਲਿਆਉਣ ਤੇ ਵਿਕਾਸ ਲਈ ਸਖ਼ਤ ਮਿਹਨਤ ਕੀਤੀ।

ਸਟਾਫ ਵੱਲੋਂ ਰੀਜਨ ਆਫ ਪੀਲ ਸਟਰੀਟ ਨੇਮਿੰਗ ਕਮੇਟੀ ਤੋਂ ਮਨਜ਼ੂਰੀ ਲੈਣ ਲਈ ਸਟਰੀਟ ਦੀ ਥਾਂ ਤੇ ਤਰੀਕ ਕਾਊਂਸਲ ਦੀ ਅਗਲੀ ਮੀਟਿੰਗ ਵਿੱਚ ਤੈਅ ਕੀਤੇ ਜਾਣਗੇ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਸਟਰੀਟ ਦਾ ਨਾਂ ਸਿਟੀ ਦੀ ਐਸੈਟ ਨੇਮਿੰਗ ਪਾਲਿਸੀ ਦੇ ਅਨੁਸਾਰ ਹੋਵੇ ਤੇ ਇਸ ਬਾਰੇ ਅਵਤਾਰ ਕੌਰ ਔਜਲਾ ਤੇ ਉਨ੍ਹਾਂ ਦੇ ਪਰਿਵਾਰ ਨਾਲ ਵੀ ਸਲਾਹ ਮਸ਼ਵਰਾ ਕੀਤਾ ਜਾਵੇਗਾ।

ਸਿਟੀ ਕਾਊਂਸਲ ਦਾ ਆਫਿਸ ਛੱਡਣ ਤੋਂ ਬਾਅਦ ਔਜਲਾ ਮਹਿਲਾਵਾਂ ਨਾਲ ਜੁੜੇ ਮੁੱਦਿਆਂ, ਸਮਾਜਕ ਨਿਆਂ, ਵਰਕਰਜ਼ ਦੇ ਅਧਿਕਾਰਾਂ ਤੇ ਹੈਲਥਕੇਅਰ ਨਾਲ ਜੁੜੇ ਮਾਮਲਿਆਂ ਉੱਤੇ ਕੰਮ ਕਰ ਰਹੇ ਹਨ।

# ਚੀਨ ਵਿਚ ਸੁਰੱਖਿਅਤ ਨਹੀਂ ਹਨ ਕੈਨੇਡੀਅਨ : ਓਟੂਲ

ਓਟਵਾ, 12 ਅਗਸਤ (ਪੋਸਟ ਬਿਊਰੋ) : ਡਰੱਗ ਮਾਮਲੇ ਵਿੱਚ ਚੀਨ ਵਿੱਚ ਨਜ਼ਰਬੰਦ ਕੈਨੇਡੀਅਨ ਨਾਗਰਿਕ ਦੀ ਮੌਤ ਦੀ ਸਜ਼ਾ ਅਦਾਲਤ ਵੱਲੋਂ ਬਰਕਰਾਰ ਰੱਖਣ ਦੇ ਫੈਸਲੇ ਦੀ ਗੱਲ ਕਰਦਿਆਂ ਫੈਡਰਲ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਬੀਜਿੰਗ ਉੱਤੇ ਮੌਤ ਦੀ ਸਜ਼ਾ ਨੂੰ ਸਿਆਸੀ ਮਕਸਦ ਲਈ ਵਰਤਣ ਦਾ ਦੋਸ਼ ਲਾਇਆ ਗਿਆ ਹੈ।

ਓਟੂਲ ਨੇ ਇਸ ਤੋਂ ਵੀ ਅਗਾਂਹ ਜਾਂਦਿਆਂ ਆਖਿਆ ਕਿ ਕੈਨੇਡਾ ਅਗਲੇ ਸਾਲ ਚੀਨ ਵਿੱਚ ਹੋਣ ਵਾਲੇ

**ਕੰਜ਼ਰਵੇਟਿਵ ਆਗੂ ਨੇ ਚੀਨ ਵਿੱਚ ਹੋਣ ਵਾਲੇ ਵਿੰਟਰ ਓਲੰਪਿਕ ਦਾ ਬਾਈਕਾਟ ਕਰਨ ਦਾ ਦਿੱਤਾ ਸੱਦਾ**

ਵਿੰਟਰ ਓਲੰਪਿਕਸ ਦਾ ਬਾਈਕਾਟ ਕਰੇਗਾ। ਉਨ੍ਹਾਂ ਚੇਤਾਵਨੀ ਦਿੰਦਿਆਂ ਆਖਿਆ ਕਿ ਚੀਨ ਦੀ ਸਰਕਾਰ ਦੀਆਂ ਤਾਜ਼ਾ ਹਰਕਤਾਂ ਤੋਂ ਤਾਂ ਇਹੋ ਲੱਗਦਾ ਹੈ ਕਿ ਕੈਨੇਡੀਅਨ ਉਸ ਦੇਸ਼ ਵਿੱਚ ਸੁਰੱਖਿਅਤ ਨਹੀਂ ਹਨ। ਓਟੂਲ ਵੱਲੋਂ ਇਹ ਗੱਲਾਂ ਓਕਵਿੱਲ, ਓਨਟਾਰੀਓ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਆਖੀਆਂ ਗਈਆਂ। ਉਨ੍ਹਾਂ ਆਖਿਆ ਕਿ ਉਹ ਜਾਣਦੇ ਹਨ ਕਿ ਬੀਜਿੰਗ ਲਈ ਸਾਡੇ ਅਥਲੀਟ ਕਿੰਨੀ ਮਿਹਨਤ ਕਰ ਰਹੇ ਹਨ ਪਰ ਹੁਣ ਪਾਣੀ ਸਿਰ ਤੋਂ ਉੱਪਰ ਲੰਘ ਚੁੱਕਿਆ ਹੈ ਤੇ ਕੈਨੇਡੀਅਨਜ਼ ਲਈ ਚੀਨ ਜਾਣਾ ਸੇਫ ਨਹੀਂ ਹੋਵੇਗਾ।

ਡਰੱਗ ਮਾਮਲੇ ਵਿੱਚ ਚੀਨ ਵਿੱਚ ਸਜ਼ਾ ਕੱਟ ਰਹੇ ਸ਼ੈਲਨਬਰਗ ਵੱਲੋਂ ਉੱਥੋਂ ਦੀ ਅਦਾਲਤ ਕੋਲ ਅਪੀਲ ਕੀਤੀ ਗਈ ਸੀ ਪਰ



ਅਦਾਲਤ ਵੱਲੋਂ ਅੱਜ ਸਵੇਰੇ ਇਸ ਅਪੀਲ ਨੂੰ ਖਾਰਜ ਕਰ ਦਿੱਤਾ ਗਿਆ। ਇਸ ਉੱਤੇ ਚੀਨੀ ਅਦਾਲਤ ਦੀ ਨੁਕਤਾਚੀਨੀ ਕਰਦਿਆਂ ਹੋਇਆਂ ਓਟੂਲ ਨੇ ਉਕਤ ਗੱਲਾਂ ਆਖੀਆਂ। ਇਸ ਤੋਂ ਪਹਿਲਾਂ ਓਟੂਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਹ ਚੀਨ ਖਿਲਾਫ ਸਖਤੀ ਵਰਤਣ ਲਈ ਕਈ ਵਾਰੀ ਆਖ ਚੁੱਕੇ ਹਨ।

ਚੀਨ ਵਿੱਚ ਨਜ਼ਰਬੰਦ ਦੋ ਹੋਰ ਕੈਨੇਡੀਅਨਜ਼ ਵਿੱਚੋਂ ਇੱਕ ਮਾਈਕਲ ਸਪੇਵਰ ਦੇ ਸਬੰਧ ਵਿੱਚ ਚੀਨ ਦੀ ਵੱਖਰੀ ਅਦਾਲਤ ਵੱਲੋਂ ਬੁੱਧਵਾਰ ਨੂੰ ਫੈਸਲਾ ਸੁਣਾਏ ਜਾਣ ਦੀ ਗੱਲ ਕਰਦਿਆਂ ਓਟੂਲ ਨੇ ਆਖਿਆ ਕਿ ਅਸੀਂ ਇਸ ਮਾਮਲੇ ਉੱਤੇ ਵੀ ਪੂਰੀ ਨਜ਼ਰ ਰੱਖ ਰਹੇ ਹਾਂ।

## ਬਰੈਂਪਟਨ ਵਿੱਚ 3 ਗੱਡੀਆਂ ਟਕਰਾਈਆਂ, 1 ਹਲਾਕ

ਬਰੈਂਪਟਨ, 12 ਅਗਸਤ (ਪੋਸਟ ਬਿਊਰੋ) : ਹਾਈਵੇਅ 50 ਨੇੜੇ ਬਰੈਂਪਟਨ ਵਿੱਚ ਤਿੰਨ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਮੰਗਲਵਾਰ ਦੁਪਹਿਰ ਨੂੰ ਪੁਲਿਸ ਨੂੰ 2:00 ਵਜੇ ਕੰਟਰੀਸਾਈਡ ਡਰਾਈਵ ਉੱਤੇ ਸੱਦਿਆ ਗਿਆ। ਇੱਕ ਵਿਅਕਤੀ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਬਿਨਾ ਸਾਹ-ਸਤ ਦੇ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਇਸ ਵਿਅਕਤੀ ਦੀ ਮੌਤ ਹੋ ਗਈ। ਇਸ




ਹਾਦਸੇ ਵਿੱਚ ਇੱਕ 30 ਸਾਲਾ ਮਹਿਲਾ ਵੀ ਜ਼ਖਮੀ ਹੋਈ। ਜਾਂਚਕਾਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਚਾਈਲਡ ਕੇਅਰ ਸੈਂਟਰਜ਼ ਵਿੱਚ ਕੋਵਿਡ-19 ਆਊਟਬ੍ਰੇਕਸ ਕਾਰਨ ਮਾਪਿਆਂ ਦੀ ਚਿੰਤਾ ਵਧੀ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਵਿੱਚ ਕੋਵਿਡ-19 ਆਊਟਬ੍ਰੇਕਸ ਕਾਰਨ ਮਾਪਿਆਂ ਦੀ ਚਿੰਤਾ ਕਾਫੀ ਵੱਧ ਗਈ ਹੈ। ਮਾਪਿਆਂ ਤੇ ਚਾਈਲਡ ਕੇਅਰ ਮੁਹੱਈਆ ਕਰਵਾਉਣ ਵਾਲਿਆਂ ਦਾ ਕਹਿਣਾ ਹੈ ਕਿ ਨਵਾਂ ਵੇਰੀਐਂਟ ਕਿੰਨੀ ਤੇਜ਼ੀ ਨਾਲ ਫੈਲਦਾ ਹੈ ਇਹ ਵੇਖ ਕੇ ਉਹ ਹੈਰਾਨ ਹਨ।

ਪਿਛਲੇ ਹਫਤੇ ਇਟੋਬੀਕੋ ਮੌਂਟੈਸਰੀ ਸਕੂਲ ਵਿੱਚ 12 ਮਾਮਲੇ ਸਾਹਮਣੇ ਆਏ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਹਾਲ ਕੁੱਝ ਦਿਨਾਂ ਵਿੱਚ ਹੀ ਸਾਹਮਣੇ ਆ ਗਿਆ ਹੈ ਤਾਂ ਆਉਣ



ਵਾਲੇ ਸਕੂਲ ਵਰ੍ਹੇ ਵਿੱਚ ਅਜਿਹੇ ਮਾਮਲਿਆਂ ਦਾ ਕੀ ਹਾਲ ਹੋਵੇਗਾ।

ਮਾਪਿਆਂ ਦਾ ਕਹਿਣਾ ਹੈ ਕਿ ਗ੍ਰੈਂਡ ਐਵਨਿਊ ਮੌਂਟੈਸਰੀ ਵੱਲੋਂ ਕੋਵਿਡ-19 ਤੋਂ ਬਚਾਅ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਸਨ। ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ਨੂੰ ਵੇਖ ਕੇ ਲੱਗਦਾ ਹੈ ਕਿ ਓਨਟਾਰੀਓ ਭਰ ਵਿੱਚ ਵਿਦਿਆਰਥੀਆਂ ਦੀ ਹਿਫਾਜ਼ਤ ਲਈ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਜੋ ਇੰਤਜ਼ਾਮ ਕੀਤੇ ਗਏ ਹਨ ਉਨ੍ਹਾਂ ਤੋਂ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਉਹ ਕਿੰਨੇ ਮਾਮੂਲੀ ਹਨ ਤੇ ਜਨਤਾ ਨੂੰ ਕਿੰਨਾ ਖਤਰਾ ਹੈ।

ਪ੍ਰੋਵਿੰਸ਼ੀਅਲ ਡਾਟਾ ਅਨੁਸਾਰ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਵਿੱਚ ਨਵੇਂ ਮਾਮਲੇ ਹੁਣ 11 ਹਨ। ਅਪਰੈਲ ਵਿੱਚ 121 ਦੇ ਮੁਕਾਬਲੇ ਇਹ ਬਹੁਤ ਘੱਟ ਹਨ ਪਰ ਜੁਲਾਈ ਵਿੱਚ ਚਾਰ ਮਾਮਲਿਆਂ ਦੇ ਮੁਕਾਬਲੇ ਇਹ ਕਾਫੀ ਜ਼ਿਆਦਾ ਹਨ। ਇਨ੍ਹਾਂ ਸੈਂਟਰਜ਼ ਉੱਤੇ ਅਜਿਹੇ ਬੱਚੇ ਆਉਂਦੇ ਹਨ ਜਿਨ੍ਹਾਂ ਦੀ ਉਮਰ 12 ਸਾਲ ਤੋਂ ਕਾਫੀ ਘੱਟ ਹੁੰਦੀ ਹੈ ਤੇ ਇਨ੍ਹਾਂ ਬੱਚਿਆਂ ਦੀ ਵੈਕਸੀਨੇਸ਼ਨ ਨਹੀਂ ਹੋ ਸਕਦੀ ਤੇ ਇਨ੍ਹਾਂ ਦੀ ਕਿਸੇ ਹੋਰ ਤਰ੍ਹਾਂ ਹਿਫਾਜ਼ਤ ਕੀਤੇ ਜਾਣ ਦੀ ਲੋੜ ਹੈ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਕਾਰਨ ਹੀ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ। ਮਿਲਟਨ ਵਿੱਚ ਇੱਕ ਹੋਰ ਚਾਈਲਡਕੇਅਰ ਸੈਂਟਰ ਹੈ ਵੂਈ ਵਾਚ, ਇਸ ਵਿੱਚ ਹੋਈ ਆਊਟਬ੍ਰੇਕ ਵਿੱਚ ਅੱਠ ਮਾਮਲੇ ਸਾਹਮਣੇ ਆਏ ਪਰ ਉਹ ਮੰਗਲਵਾਰ ਨੂੰ ਦੁਬਾਰਾ ਖੁੱਲ੍ਹਣ ਜਾ ਰਿਹਾ ਹੈ। ਮੈਨੇਜਰ ਸੋਨੀਆ ਜੌੜਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਟਾਫ ਦੀ ਸੂਝਬੂਝ ਕਾਰਨ ਤੇ ਪੂਰੀ ਤਰ੍ਹਾਂ ਕਰਵਾਈ ਗਈ ਵੈਕਸੀਨੇਸ਼ਨ ਕਾਰਨ ਇਹ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਕਿਸੇ ਬੱਚੇ ਦੇ ਮਾਪਿਆਂ ਵਿੱਚੋਂ ਇੱਕ ਦਾ ਟੈਸਟ ਪਾਜ਼ੀਟਿਵ ਆਇਆ ਹੈ, ਹੋਮ ਨੂੰ ਬੰਦ ਕਰ ਦਿੱਤਾ ਗਿਆ ਪਰ ਉਦੋਂ ਤੱਕ ਹਰੇਕ ਬੱਚੇ ਨੂੰ ਕੋਵਿਡ ਹੋ ਗਿਆ ਸੀ। ਇਹ ਬਹੁਤ ਤੇਜ਼ੀ ਨਾਲ ਫੈਲਦਾ ਹੈ। ਜਿਵੇਂ ਹੀ ਤੁਹਾਨੂੰ ਕੋਈ ਮਾਮਲਾ ਮਿਲੇ ਤੁਰੰਤ ਹੀ ਕਾਰਵਾਈ ਕਰਨੀ ਪੈਂਦੀ ਹੈ। ਉਨ੍ਹਾਂ ਆਖਿਆ ਕਿ ਸਾਡੇ ਕਈ ਘਰ ਹਨ ਪਰ ਇਹ ਮਾਮਲੇ ਇੱਕ ਘਰ ਤੱਕ ਹੀ ਸੀਮਤ ਰਹੇ। ਸਾਨੂੰ ਮਾਣ ਹੈ ਕਿ ਅਸੀਂ ਮਾਮਲੇ ਅੱਗੇ ਨਹੀਂ ਵਧਣ ਦਿੱਤੇ।

# ਦੋ ਹੋਰ ਅਹਿਮ ਮੈਂਬਰਾਂ ਨੇ ਗ੍ਰੀਨ ਪਾਰਟੀ ਦਾ ਸਾਥ ਛੱਡਿਆ




ਓਟਵਾ, 12 ਅਗਸਤ (ਪੋਸਟ ਬਿਊਰੋ) : ਇਸ ਸਾਲ ਹੋਣ ਜਾ ਰਹੀਆਂ ਸੰਭਾਵੀ ਚੋਣਾਂ ਦੇ ਮੱਦੇਨਜ਼ਰ ਗ੍ਰੀਨ ਪਾਰਟੀ ਦੇ ਦੋ ਹੋਰ ਉੱਘੇ ਮੈਂਬਰਾਂ ਵੱਲੋਂ ਪਾਰਟੀ ਦਾ ਸਾਥ ਛੱਡ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਇਸ ਨਾਲ ਇੱਕ ਵਾਰੀ ਫਿਰ ਇਹ ਸਿੱਧ ਹੋ ਗਿਆ ਹੈ ਕਿ ਪਾਰਟੀ ਵਿੱਚ ਪਈਆਂ ਤਰੇੜਾਂ ਭਰਨ ਦਾ ਨਾਂ ਹੀ ਨਹੀਂ ਲੈ ਰਹੀਆਂ।

ਗ੍ਰੀਨ ਪਾਰਟੀ ਦੀ ਆਗੂ ਅਨੇਮੀ ਪਾਲ ਦੇ ਅੰਤਰਿਮ ਚੀਫ ਆਫ ਸਟਾਫ ਫਿਲ ਸਪਿੰਡਲ ਨੂੰ ਪਾਰਟੀ ਦੇ ਆਲ੍ਹਾ ਆਗੂਆਂ ਵੱਲੋਂ ਪਿਛਲੇ ਹਫਤੇ ਕੱਢ ਦਿੱਤਾ ਗਿਆ। ਇਸ ਨਾਲ ਪਾਰਟੀ ਦਾ ਸਟਾਫ ਘੱਟ ਕੇ ਅੱਧਾ ਰਹਿ ਗਿਆ ਹੈ। ਇਹ ਜਾਣਕਾਰੀ ਪਾਰਟੀ ਦੇ ਦੋ ਅਜਿਹੇ ਸੂਤਰਾਂ ਵੱਲੋਂ ਆਪਣਾ ਨਾਂ ਗੁਪਤ ਰੱਖਣ ਦੀ ਸੂਰਤ ਵਿੱਚ ਦਿੱਤੀ ਗਈ ਜਿਨ੍ਹਾਂ ਨੂੰ ਇਸ ਬਾਰੇ ਗੱਲ ਕਰਨ ਦਾ ਕੋਈ ਅਧਿਕਾਰ ਨਹੀਂ।

ਸਪਿੰਡਲ ਨੇ ਪਿਛਲੇ ਸਾਲ ਪਾਲ ਦੀ ਲੀਡਰਸ਼ਿਪ ਕੈਂਪੇਨ ਦੀ ਅਗਵਾਈ ਕੀਤੀ ਸੀ ਤੇ ਉਹ ਪਿਛਲੇ ਦੋ ਦਹਾਕੇ ਤੋਂ ਗ੍ਰੀਨ ਪਾਰਟੀ ਨਾਲ ਕੰਮ ਕਰ ਰਿਹਾ ਸੀ। ਪਿਛਲੇ ਦੋ ਦਿਨਾਂ ਤੱਕ ਪਾਰਟੀ ਦੇ ਫੰਡਾਂ ਦੀ ਸਾਂਭ ਸੰਭਾਲ ਕਰ ਰਹੇ ਡੱਗ ਟਿੰਗੀ ਨੇ ਵੀ ਦੋ ਦਿਨ ਪਹਿਲਾਂ ਹੀ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ। ਇੱਕ ਹਫਤੇ ਦੇ ਅੰਦਰ ਇਹ ਪਾਰਟੀ ਵਿੱਚੋਂ ਦੂਜੇ ਮੈਂਬਰ ਦੀ ਵਿਦਾਈ ਸੀ। ਪਿਛਲੇ ਮਹੀਨੇ ਦੋ ਸਾਲਾਂ ਲਈ ਗ੍ਰੀਨ ਪਾਰਟੀ ਆਫ ਕੈਨੇਡਾ ਫੰਡ ਦੇ ਪ੍ਰਧਾਨ ਚੁਣੇ ਗਏ ਟਿੰਗੀ ਨੇ ਸੋਮਵਾਰ ਨੂੰ ਇੱਕ ਇੰਟਰਵਿਊ ਵਿੱਚ ਆਖਿਆ ਸੀ ਕਿ ਪਾਰਟੀ ਤੋਂ ਅਸਤੀਫਾ ਦੇਣ ਦਾ ਇਹ ਢੁਕਵਾਂ ਸਮਾਂ ਹੈ ਪਰ ਉਸ ਨੇ ਕੋਈ ਕਾਰਨ ਦੱਸਣ ਤੋਂ ਇਨਕਾਰ ਕਰ ਦਿੱਤਾ ਸੀ।

ਉਸ ਨੇ ਆਖਿਆ ਕਿ ਗ੍ਰੀਨ ਪਾਰਟੀ ਦੀ ਵਿੱਤੀ ਹਾਲਤ ਸਥਿਰ ਨਹੀਂ ਹੈ। ਇੱਕ ਪਾਸੇ ਪਾਰਟੀ ਨੂੰ ਹਜ਼ਾਰਾਂ ਡਾਲਰ ਪਾਲ ਨਾਲ ਕਾਨੂੰਨੀ ਸੰਘਰਸ਼ ਵਿੱਚ ਖਰਚਣੇ ਪੈ ਰਹੇ ਹਨ ਤੇ ਦੂਜੇ ਪਾਸੇ ਪਹਿਲਾਂ ਤੋਂ ਹੀ ਪਾਰਟੀ ਦੇ ਖਾਤੇ ਵਿੱਚ ਬਕਾਇਆ ਕਾਫੀ ਘੱਟ ਰਹਿ ਗਿਆ ਹੈ।

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

# ਕੈਨੇਡਾ ਸਰਕਾਰ ਵੱਲੋਂ ਇਸ ਸਾਲ ਖੋਲ੍ਹਿਆ ਜਾਵੇਗਾ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ

ਓਟਵਾ,12 ਅਗਸਤ (ਪੋਸਟ ਬਿਊਰੋ) : ਦੁਨੀਆ ਭਰ ਦੇ ਲੋਕਾਂ ਲਈ ਕੈਨੇਡਾ ਪਸੰਦੀਦਾ ਥਾਂ ਹੈ। ਦੁਨੀਆਂ ਦੇ ਕੋਨੇ ਕੋਨੇ ਵਿੱਚੋਂ ਹਰ ਸਾਲ ਕਈ ਮਿਲੀਅਨ ਲੋਕ ਕੈਨੇਡਾ ਘੁੰਮਣ-ਫਿਰਨ, ਕੰਮ ਕਰਨ ਜਾਂ ਇੱਥੇ ਹੀ ਵੱਸਣ ਲਈ ਆਉਂਦੇ ਹਨ। ਇਮੀਗ੍ਰੇਸ਼ਨ ਸਿਸਟਮ ਦਾ ਪਤਾ ਲਾਉਣ ਲਈ ਲੋਕ ਜਾਂ ਤਾਂ ਕੰਸਲਟੈਂਟਸ ਕੋਲ ਜਾਂਦੇ ਹਨ ਤੇ ਜਾਂ ਫਿਰ ਮਦਦ ਲਈ ਹੋਰਨਾਂ ਸੇਵਾਵਾਂ ਦਾ ਰੁਖ ਕਰਦੇ ਹਨ। ਹਾਲਾਂਕਿ ਬਹੁਤੇ ਲੋਕ ਇਮਾਨਦਾਰੀ ਨਾਲ ਆਪਰੇਟ ਕਰਦੇ ਹਨ ਪਰ ਕਈ ਏਜੰਟ ਸਿਸਟਮ ਨੂੰ ਖਰਾਬ ਵੀ ਕਰਦੇ ਹਨ ਤੇ ਲੋਕਾਂ ਦਾ ਫਾਇਦਾ ਵੀ ਚੁੱਕਦੇ ਹਨ। ਇਸੇ ਲਈ ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਫਰਾਡ ਨੂੰ ਖਤਮ ਕਰਨ ਤੇ ਇੱਥੇ ਆਉਣ ਦੇ ਚਾਹਵਾਨ ਲੋਕਾਂ ਦੀ ਮਦਦ ਕਰਨ ਲਈ ਇੱਕ ਨਵਾਂ ਉਪਰਾਲਾ ਕੀਤਾ ਜਾ ਰਿਹਾ ਹੈ।



ਅੱਜ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਮੰਤਰੀ ਮਾਰਕੋ ਮੈਂਡੀਸਿਨੋ ਵੱਲੋਂ ਐਲਾਨ ਕੀਤਾ ਗਿਆ ਕਿ ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ 23 ਨਵੰਬਰ, 2021 ਨੂੰ ਖੋਲ੍ਹਿਆ ਜਾ ਰਿਹਾ ਹੈ।ਦੇਸ਼ ਭਰ ਵਿੱਚ ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਕੰਸਲਟੈਂਟਸ ਨੂੰ ਸਰਕਾਰੀ ਤੌਰ ਉੱਤੇ ਰੈਗੂਲੇਟ ਕਰਨ ਲਈ ਇਹ ਕਾਲਜ ਅਹਿਮ ਭੂਮਿਕਾ ਨਿਭਾਵੇਗਾ। ਇਸ ਨਾਲ ਜਿੱਥੇ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਉੱਥੇ ਹੀ ਮੁਜਰਮਾਨਾਂ ਗਤੀਵਿਧੀਆਂ ਨੂੰ ਠੱਲ੍ਹ ਪਾਈ ਜਾ ਸਕੇਗੀ।ਇਹ ਇੰਸਟੀਚਿਊਟ ਜਨਤਾ ਦੇ ਨਾਲ ਨਾਲ ਕੰਸਲਟੈਂਟਸ ਦੀ ਅਜਿਹੇ ਲੋਕਾ ਤੋਂ ਹਿਫਾਜ਼ਤ ਵੀ ਕਰੇਗਾ ਜਿਹੜੇ ਦੂਜਿਆਂ ਦਾ ਫਾਇਦਾ ਉਠਾਉਣਾ ਚਾਹੁੰਦੇ ਹਨ।

ਇਸ ਕਾਲਜ ਕੋਲ ਕਿਸੇ ਵੀ ਤਰ੍ਹਾਂ ਦੀ ਪ੍ਰੋਫੈਸ਼ਨਲ ਗੜਬੜੀ ਦੀ ਜਾਂਚ ਕਰਨ ਤੇ ਲਾਇਸੰਸ ਸਬੰਧੀ ਫੈਸਲਾ ਲੈਣ ਲਈ ਨਵੀਆਂ ਸ਼ਕਤੀਆਂ ਤੇ ਟੂਲਜ਼ ਹੋਣਗੇ। ਇਸ ਰਾਹੀਂ ਸਾਰਾ ਕੰਮ ਸਰਕਾਰੀ ਦੇਖਰੇਖ ਵਿੱਚ ਹੋਵੇਗਾ। ਫੈਡਰਲ ਸਰਕਾਰ ਵੱਲੋਂ ਇਹ ਉਪਰਾਲਾ ਸਾਡੇ ਇਮੀਗ੍ਰੇਸ਼ਨ ਸਿਸਟਮ ਵਿੱਚ ਹੋਣ ਵਾਲੇ ਫਰਾਡ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ।

# ਕੈਨੇਡੀਅਨ ਨਾਗਰਿਕ ਸਪੇਵਰ ਨੂੰ ਜਾਸੂਸੀ ਦੇ ਦੋਸ਼ਾਂ ਵਿੱਚ ਚੀਨ ਨੇ ਸੁਣਾਈ 11 ਸਾਲਾਂ ਦੀ ਸਜ਼ਾ

ਡੈਨਡਗ, ਚੀਨ, 12 ਅਗਸਤ (ਪੋਸਟ ਬਿਊਰੋ) : ਕੈਨੇਡਾ ਸਰਕਾਰ ਉੱਤੇ ਦਬਾਅ ਪਾਉਣ ਲਈ ਬੀਜਿੰਗ ਨੇ ਬੁੱਧਵਾਰ ਨੂੰ ਚੀਨ ਵਿੱਚ ਨਜ਼ਰਬੰਦ ਕੈਨੇਡੀਅਨ ਕਾਰੋਬਾਰੀ ਮਾਈਕਲ ਸਪੇਵਰ ਨੂੰ ਜਾਸੂਸੀ ਦੇ ਦੋਸ਼ਾਂ ਵਿੱਚ 11 ਸਾਲ ਕੈਦ ਦੀ ਸਜ਼ਾ ਸੁਣਾਈ। ਇਹ ਸੱਭ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੇ ਗਈ ਚੀਨੀ ਟੈਕਨੀਕਲ ਕੰਪਨੀ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਰਿਹਾਅ ਕਰਵਾਉਣ ਲਈ ਚੀਨ ਵੱਲੋਂ ਚੱਲੀਆਂ ਜਾ ਰਹੀਆਂ ਸਿਆਸੀ ਚਾਲਾਂ ਹਨ।

ਜ਼ਿਕਰਯੋਗ ਹੈ ਕਿ ਕੈਨੇਡੀਅਨ ਅਦਾਲਤ ਅਗਲੇ ਕੁੱਝ ਹਫਤਿਆਂ ਵਿੱਚ ਇਸ ਸਬੰਧ ਵਿੱਚ ਫਾਈਨਲ ਬਹਿਸ ਸੁਣੇਗੀ ਕਿ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਕ੍ਰਿਮੀਨਲ ਚਾਰਜਿਜ਼ ਦੀ ਸੁਣਵਾਈ ਲਈ ਅਮਰੀਕਾ ਹਵਾਲੇ ਕਰਨਾ ਚਾਹੀਦਾ ਹੈ ਜਾਂ ਨਹੀਂ। ਇਸ ਚੀਨੀ ਐਗਜ਼ੈਕਟਿਵ ਦੀ 2018 ਵਿੱਚ ਹੋਈ ਗ੍ਰਿਫਤਾਰੀ ਤੋਂ ਤੁਰੰਤ ਬਾਅਦ ਸਪੇਵਰ ਤੇ ਇੱਕ ਹੋਰ ਕੈਨੇਡੀਅਨ ਨੂੰ ਚੀਨ ਵਿੱਚ ਜਾਸੂਸੀ ਦੇ ਦੋਸ਼ਾਂ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਮੰਗਲਵਾਰ ਨੂੰ ਚੀਨ ਦੀ ਇੱਕ ਅਦਾਲਤ ਵੱਲੋਂ ਇੱਕ ਤੀਜੇ ਕੈਨੇਡੀਅਨ, ਜਿਸ ਨੂੰ ਨਸ਼ਿਆਂ ਦੀ ਸਮਗਲਿੰਗ ਲਈ ਗ੍ਰਿਫਤਾਰ ਕਰਨ ਤੋਂ ਕੁੱਝ ਸਮੇਂ ਬਾਅਦ ਮੌਤ ਦੀ ਸਜ਼ਾ ਸੁਣਾਈ ਗਈ ਸੀ, ਦੀ ਮੌਤ ਦੀ ਸਜ਼ਾ ਖਤਮ ਕਰਨ ਸਬੰਧੀ ਕੀਤੀ ਗਈ ਅਪੀਲ ਖਾਰਜ ਕਰ ਦਿੱਤੀ ਗਈ।

ਇਸ ਫੈਸਲੇ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਸੀ ਕਿ



ਇਹ ਫੈਸਲਾ ਬਿਲਕੁਲ ਵੀ ਸਵੀਕਾਰਨਯੋਗ ਨਹੀਂ ਹੈ ਤੇ ਇਹ ਇਨਸਾਫ ਨਹੀਂ ਹੈ। ਇਸ ਬਿਆਨ ਵਿੱਚ ਆਖਿਆ ਗਿਆ ਕਿ ਇਸ ਫੈਸਲੇ ਨਾਲ ਕਾਨੂੰਨੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਦੀ ਘਾਟ ਤੇ ਕੌਮਾਂਤਰੀ ਕਾਨੂੰਨ ਲਈ ਘੱਟ ਤੋਂ ਘੱਟ ਲੋੜੀਂਦੇ ਮਾਪਦੰਡਾਂ ਉੱਤੇ ਖਰਾ ਨਹੀਂ ਉਤਰਿਆ ਗਿਆ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸਪੇਵਰ ਤੇ ਮਾਈਕਲ ਕੋਵਰਿਗ, ਜਿਨ੍ਹਾਂ ਨੂੰ ਇਸੇ ਤਰ੍ਹਾਂ ਜਾਸੂਸੀ ਦੇ ਦੋਸ਼ ਵਿੱਚ ਨਜ਼ਰਬੰਦ ਕੀਤਾ ਗਿਆ ਹੈ, ਦੀ ਰਿਹਾਈ ਸਾਡੀ ਮੁੱਖ ਤਰਜੀਹ ਹੈ। ਜਿੰਨੀ ਜਲਦੀ ਹੋ ਸਕਦਾ ਹੈ ਅਸੀਂ ਉਨ੍ਹਾਂ ਨੂੰ ਘਰ ਵਾਪਿਸ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇੱਕ ਬਿਆਨ ਵਿੱਚ ਵਿਦੇਸ਼ ਮੰਤਰੀ ਮਾਰਕ ਗਾਰਨਿਊ ਨੇ ਚੀਨ ਵੱਲੋਂ ਸਪੇਵਰ ਨੂੰ ਦਿੱਤੀ ਗਈ ਇਸ ਸਜ਼ਾ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਪਿਛਲੇ ਦੋ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਸੀਂ ਇਹ ਆਖ ਰਹੇ ਹਾਂ ਕਿ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਖਿਲਾਫ ਲਾਏ ਗਏ ਦੋਸ਼ ਬੇਬੁਨਿਆਦ ਤੇ ਮਨਮਾਨੇ ਹਨ।

## ਤਿੰਨ ਗੋਲੀਆਂ ਲੱਗਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਬੀਤੇ ਦਿਨੀਂ ਟੋਰਾਂਟੋ ਵਿੱਚ ਹਾਈਵੇਅ 400 ਨੇੜੇ ਤਿੰਨ ਗੋਲੀਆਂ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਸਮੇਂ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਰਾਤੀਂ 12:43 ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਹਾਈਵੇਅ 401 ਉੱਤੇ ਵਿਲਸਨ ਐਵਨਿਊ ਤੇ ਐਵਨਿਊ ਰੋਡ ਇਲਾਕੇ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲਿਆ।ਉਸ ਕੋਲ ਕੀਆ ਸੇਡਾਨ ਗੱਡੀ ਸੀ ਤੇ ਉਸ ਨੂੰ ਤਿੰਨ ਗੋਲੀਆਂ ਲੱਗੀਆਂ ਸਨ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਵਿਅਕਤੀ ਨੂੰ ਹਾਈਵੇਅ 400 ਤੇ ਫਿੰਚ ਐਵਨਿਊ ਇਲਾਕੇ ਨੇੜੇ ਹੀ ਕਿਤੇ ਗੋਲੀਆਂ ਮਾਰੀਆਂ ਗਈਆਂ ਤੇ ਕਿਸੇ ਤੋਂ ਮਦਦ ਲੈਣ ਤੋਂ ਪਹਿਲਾਂ ਉਹ ਐਵਨਿਊ ਰੋਡ ਪਹੁੰਚ ਗਿਆ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਸ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਸੀ। ਓਪੀਪੀ ਤੇ ਟੋਰਾਂਟੋ ਪੁਲਿਸ ਵੱਲੋਂ ਗੋਲੀਆਂ ਦੇ ਖੋਲ ਤੇ ਹੋਰ ਸਬੂਤਾਂ ਲਈ ਰਾਤ ਭਰ ਇਲਾਕੇ ਦੀ ਛਾਣਬੀਣ ਕੀਤੀ।

# ਓਨਟਾਰੀਓ ਨੇ ਸਕੂਲਾਂ ਲਈ ਕੋਵਿਡ-19 ਸਬੰਧੀ ਜਾਰੀ ਕੀਤੀਆਂ ਨਵੀਆਂ ਗਾਈਡਲਾਈਨਜ਼

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਵੈਕਸੀਨੇਸ਼ਨ ਮੁਕੰਮਲ ਕਰਵਾ ਚੁੱਕੇ ਵਿਦਿਆਰਥੀਆਂ ਅਤੇ ਸਟਾਫ ਲਈ ਆਈਸੋਲੇਸ਼ਨ ਸਬੰਧੀ ਵੱਖਰੇ ਨਿਯਮ ਕਾਇਮ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਦੇ ਨਾਲ ਹੀ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਇਸ ਸਾਲ ਦੇ ਅੰਤ ਤੱਕ ਕੋਵਿਡ-19 ਆਊਟਬ੍ਰੇਕ ਹੋਣ ਦੀ ਸੂਰਤ ਵਿੱਚ ਕੀ ਹੋਵੇਗਾ।



ਬੁੱਧਵਾਰ ਸਵੇਰ ਨੂੰ ਜਾਰੀ ਕੀਤੇ ਗਏ ਦਸਤਾਵੇਜ਼ "ਕੋਵਿਡ-19 ਗਾਈਡੈਂਸ : ਸਕੂਲ ਕੇਸ, ਕਾਂਟੈਕਟ ਐਂਡ ਆਊਟਬ੍ਰੇਕ ਮੈਨੇਜਮੈਂਟ,"ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਿਹੜੇ ਵਿਅਕਤੀਆਂ ਦੀ ਮੁਕੰਮਲ ਵੈਕਸੀਨੇਸ਼ਨ ਹੋ ਚੁੱਕੀ ਹੈ ਤੇ ਜਿਹੜੇ ਏਸਿੰਪਟੋਮੈਟਿਕ ਹਨ, ਉਨ੍ਹਾਂ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਵੀ ਖੁਦ ਨੂੰ ਆਈਸੋਲੇਟ ਕਰਨ ਦੀ ਲੋੜ ਨਹੀਂ। ਇਸ ਲਈ ਉਨ੍ਹਾਂ ਨੂੰ ਸਕੂਲ ਤੋਂ ਡਿਸਮਿਸ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਹੀ ਵਾਇਰਸ ਦੇ ਸੰਪਰਕ ਵਿੱਚ ਆਉਣ ਵਾਲੇ ਵਿਦਿਆਰਥੀ ਦੇ ਨਾਲ ਰਹਿਣ ਵਾਲੇ ਉਸ ਦੇ ਘਰਦਿਆਂ ਵਿੱਚੋਂ, ਜਿਨ੍ਹਾਂ ਨੇ ਵੈਕਸੀਨੇਸ਼ਨ ਮੁਕੰਮਲ ਕਰਵਾਈ ਹੋਵੇਗੀ, ਕਿਸੇ ਨੂੰ ਸੈਲਫ ਆਈਸੋਲੇਟ ਹੋਣ ਦੀ ਲੋੜ ਨਹੀਂ ਹੈ।

ਜਿਹੜੇ ਵਿਦਿਆਰਥੀ ਪੂਰੀ ਤਰ੍ਹਾਂ ਇਮਿਊਨਾਈਜ਼ਡ ਨਹੀਂ ਹਨ ਤੇ ਜੇ ਉਹ ਕੋਵਿਡ-19 ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਖੁਦ ਨੂੰ 10 ਦਿਨਾਂ ਲਈ ਆਈਸੋਲੇਟ ਕਰਨਾ ਹੋਵੇਗਾ। ਗਾਈਡਲਾਈਨਜ਼ ਮੁਤਾਬਕ ਆਈਸੋਲੇਸ਼ਨ ਪੀਰੀਅਡ ਦੇ ਸੱਤਵੇਂ ਦਿਨ ਟੈਸਟ ਕਰਵਾਉਣ ਦੀ ਸਿਫਾਰਿਸ਼ ਵੀ ਕੀਤੀ ਗਈ ਹੈ।

ਜੇ ਕਿਸੇ ਵਿਦਿਆਰਥੀਆਂ ਦੇ ਸਮੂਹ ਵਿੱਚ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ, ਜਾ ਇਮਿਊਨਾਈਜ਼ੇਸ਼ਨ ਕਵਰੇਜ ਦਾ ਪਤਾ ਨਹੀਂ ਹੈ, ਤਾਂ ਸਬੰਧਤ ਪਬਲਿਕ ਹੈਲਥ ਯੂਨਿਟਸ ( ਪੀਐਚਯੂ) ਪੂਰੇ ਸਮੂਹ ਨੂੰ ਡਿਸਮਿੱਸ ਕਰ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਸਕੂਲ ਵਿੱਚ ਆਊਟਬ੍ਰੇਕ ਉਦੋਂ ਮੰਨੀ ਜਾਵੇਗੀ ਜਦੋਂ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਸਟਾਫ ਜਾਂ ਵਿਜ਼ੀਟਰਜ਼ ਵਿੱਚ ਕੋਵਿਡ 19 ਦੇ ਦੋ ਜਾਂ ਦੋ ਤੋਂ ਵੱਧ ਮਾਮਲੇ, ਜਿਨ੍ਹਾਂ ਦੀ ਪੁਸ਼ਟੀ ਲੈਬ ਵੱਲੋਂ ਕੀਤੀ ਗਈ ਹੋਵੇ, ਨਿਕਲਦੇ ਹਨ। ਇਹੋ ਨਿਯਮ ਚਾਈਲਡ ਕੇਅਰ ਸੈਟਿੰਗਜ਼ ਤੇ ਸਕੂਲ ਦੇ ਪਹਿਲਾਂ ਤੇ ਬਾਅਦ ਵਾਲੇ ਪ੍ਰੋਗਰਾਮਜ਼ ਉੱਤੇ ਵੀ ਨਿਰਭਰ ਕਰਦਾ ਹੈ।

ਆਊਟਬ੍ਰੇਕ ਦੌਰਾਨ ਪੂਰੇ ਸਕੂਲ ਨੂੰ ਬੰਦ ਕੀਤਾ ਜਾ ਸਕਦਾ ਹੈ ਤੇ ਜਾਂ ਫਿਰ ਕਿਸੇ ਇੱਕ ਸਮੂਹ ਜਾਂ ਕਲਾਸ ਆਦਿ ਨੂੰ ਆਈਸੋਲੇਟ ਕੀਤਾ ਜਾ ਸਕਦਾ ਹੈ। ਪੀਐਚਯੂ ਵੱਲੋਂ ਹੀ ਆਊਟਬ੍ਰੇਕ ਦੀ ਗੰਭੀਰਤਾ ਤੈਅ ਕੀਤੀ ਜਾਵੇਗੀ ਤੇ ਇਸ ਸਬੰਧ ਵਿੱਚ ਜਿਹੜੇ ਮਾਪਦੰਡ ਅਪਨਾਏ ਜਾਣੇ ਚਾਹੀਦੇ ਹਨ ਉਹ ਅਪਨਾਏ ਜਾਣਗੇ।

# ਟੋਰਾਂਟੋ ਵਿੱਚ ਦਿਨ ਦਿਹਾੜੇ ਚੱਲੀ ਗੋਲੀ, ਕਈ ਗੱਡੀਆਂ ਨੂੰ ਪਹੁੰਚਿਆ ਨੁਕਸਾਨ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ): ਲੇਕ ਸ਼ੋਰ ਬੋਲੀਵੀਅਰਡ ਤੇ ਬਾਥਰਟ ਸਟਰੀਟ ਏਰੀਆ ਵਿੱਚ ਦਿਨ ਦਹਾੜੇ ਚੱਲੀ ਗੋਲੀ ਵਿੱਚ ਕਈ ਗੱਡੀਆਂ ਨੂੰ ਨੁਕਸਾਨ ਪਹੁੰਚਿਆ ਤੇ ਗੋਲੀਆਂ ਦੇ ਕਈ ਖੋਲ ਵੀ ਪੁਲਿਸ ਨੂੰ ਲੱਭੇ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 2:00 ਵਜੇ ਤੋਂ ਬਾਅਦ ਕਈ ਕਾਲਰਜ਼ ਵੱਲੋਂ ਗੋਲੀਆਂ ਚੱਲਣ ਬਾਰੇ ਜਾਣਕਾਰੀ ਦਿੱਤੀ ਗਈ।ਲੋਕਾਂ ਨੇ ਦੱਸਿਆ ਕਿ ਇਸ ਘਟਨਾਕ੍ਰਮ ਦੌਰਾਨ ਛੇ ਤੋਂ ਨੌਂ ਗੋਲੀਆਂ ਚੱਲੀਆਂ। ਇੱਕ ਮਹਿਲਾ ਨੇ ਦੱਸਿਆ ਕਿ ਉਹ ਕੌਫੀ ਲੈਣ ਜਾ ਰਹੀ ਸੀ ਕਿ ਉਸ ਨੇ ਦੇਖਿਆ ਕਿ ਇੱਕ ਵਿਅਕਤੀ ਗੰਨ



ਲੈ ਕੇ ਖੜ੍ਹਾ ਸੀ। ਤਮਾਰਾ ਨਾਂ ਦੀ ਇਸ ਮਹਿਲਾ ਨੇ ਦੱਸਿਆ ਕਿ ਉਹ ਵਿਅਕਤੀ ਦੱਖਣ ਵਾਲੇ ਪਾਸੇ ਵੱਲ ਗੋਲੀਆਂ ਚਲਾ ਰਿਹਾ ਸੀ ਤੇ ਉਸ ਤੋਂ ਸਿਰਫ 10 ਮੀਟਰ ਦੀ ਦੂਰੀ ਉੱਤੇ ਹੀ ਸੀ। ਜਿਵੇਂ ਹੀ ਉਸ ਨੇ ਇਹ ਨਜ਼ਾਰਾ ਵੇਖਿਆ ਉਸ ਨੇ ਭੱਜ ਕੇ ਆਪਣੀ ਜਾਨ ਬਚਾਈ।

ਤਮਾਰਾ ਨੇ ਆਖਿਆ ਕਿ ਉਹ ਵਿਅਕਤੀ ਕਿਸੇ ਕਾਰ ਉੱਤੇ ਗੋਲੀਆਂ ਚਲਾ ਰਿਹਾ ਸੀ ਫਿਰ ਉਹ ਕਿਸੇ ਹੋਰ ਗੱਡੀ ਵਿੱਚ ਸਵਾਰ ਹੋਇਆ ਤੇ ਉੱਥੋਂ ਚਲਾ ਗਿਆ। ਉਸ ਨੇ ਦੱਸਿਆ ਕਿ ਸੜਕ ਉੱਤੇ ਮੌਜੂਦ ਲੋਕ ਡਰ ਦੇ ਮਾਰੇ ਇੱਧਰ ਉੱਧਰ ਭੱਜ ਰਹੇ ਸਨ। ਉਸ ਨੇ ਆਖਿਆ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਵਿਅਕਤੀ ਕਿਸੇ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾ ਰਿਹਾ ਸੀ ਜਾਂ ਬੱਸ ਬਿਨਾਂ ਮਤਲਬ ਤੋਂ ਗੋਲੀਆਂ ਚਲਾ ਰਿਹਾ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਨਹੀਂ ਰਹੇ ਓਨਟਾਰੀਓ ਦੇ ਸਾਬਕਾ ਪ੍ਰੀਮੀਅਰ ਵਿਲੀਅਮ ਡੇਵਿਸ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਬੀਤੇ ਦਿਨੀਂ ਓਨਟਾਰੀਓ ਦੇ ਸਾਬਕਾ ਪ੍ਰੀਮੀਅਰ ਵਿਲੀਅਮ ਡੇਵਿਸ ਦਾ ਐਤਵਾਰ ਨੂੰ ਬਰੈਂਪਟਨ ਵਿੱਚ ਦੇਹਾਂਤ ਹੋ ਗਿਆ। ਉਹ 92 ਸਾਲਾਂ ਦੇ ਸਨ। ਪਰਿਵਾਰ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਇਹ ਜਾਣਕਾਰੀ ਦਿੱਤੀ ਗਈ।

ਡੇਵਿਸ ਓਨਟਾਰੀਓ ਦੇ 18ਵੇਂ ਪ੍ਰੀਮੀਅਰ ਸਨ। ਰਲੀਜ਼ ਵਿੱਚ ਦੱਸਿਆ ਗਿਆ ਕਿ ਉਨ੍ਹਾਂ ਨੇ ਆਖਰੀ ਸਾਹ ਆਪਣੇ ਜਾਰਜੀਅਨ ਬੇਅ ਵਾਲੇ ਘਰ ਵਿੱਚ ਲਏ। ਉਨ੍ਹਾਂ ਦੀ ਮੌਤ ਕੁਦਰਤੀ ਹੋਈ ਤੇ ਆਖਰੀ ਸਮੇਂ ਪਰਿਵਾਰਕ ਮੈਂਬਰ ਉਨ੍ਹਾਂ ਦੇ ਕੋਲ ਸਨ। ਡੇਵਿਸ ਨੇ 1971 ਤੋਂ 1985 ਤੱਕ ਓਨਟਾਰੀਓ ਦੇ ਪ੍ਰੀਮੀਅਰ ਵਜੋਂ ਸੇਵਾ ਨਿਭਾਈ। ਉਸ ਸਮੇਂ ਪ੍ਰੋਗੈਸਿਵ ਕੰਜ਼ਰਵੇਟਿਵਾਂ ਦੇ 42 ਸਾਲਾਂ ਦੇ ਸ਼ਾਸਨਕਾਲ ਵਿੱਚੋਂ ਆਖਰੀ 14 ਸਾਲ ਡੇਵਿਸ ਹੱਥ ਹੀ ਓਨਟਾਰੀਓ ਦੀ ਵਾਗਡੋਰ ਰਹੀ।

1959 ਵਿੱਚ ਉਹ ਓਨਟਾਰੀਓ ਵਿਧਾਨਸਭਾ ਵਿੱਚ ਚੁਣੇ ਗਏ।ਪ੍ਰੀਮੀਅਰ ਬਣਨ ਤੋਂ ਪਹਿਲਾਂ ਉਨ੍ਹਾਂ ਸਿੱਖਿਆ ਮੰਤਰੀ ਤੇ ਯੂਨੀਵਰਸਿਟੀਜ਼ ਮਨਿਸਟਰ ਵਜੋਂ ਵੀ ਸੇਵਾਵਾਂ ਨਿਭਾਈਆਂ। ਐਤਵਾਰ ਦੁਪਹਿਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ ਉੱਤੇ ਡੇਵਿਸ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ।ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਵੀ ਐਤਵਾਰ ਸਵੇਰੇ ਡੇਵਿਸ ਦੀ ਮੌਤ ਦੀ ਖਬਰ ਮਿਲਦਿਆਂ ਸਾਰ ਹੀ ਬਿਆਨ ਜਾਰੀ ਕਰਕੇ ਅਫਸੋਸ ਪ੍ਰਗਟਾਇਆ ਗਿਆ।ਟੋਰਾਂਟੋ ਦੇ ਮੇਅਰ ਜੌਹਨ ਟੋਰੀ ਤੇ ਪ੍ਰੀਮੀਅਰ ਡੱਗ ਫਰਡ ਨੇ ਡੇਵਿਸ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ ਹੈ।

## ਅਗਸਤ ਮਹੀਨੇ ਕੋਵਿਡ-19 ਤੋਂ ਸੰਕ੍ਰਮਿਤ ਯਾਤਰੀ ਹਵਾਈ ਜਹਾਜ਼ਾਂ ਰਾਹੀਂ ਪਹੁੰਚੇ ਕੈਨੇਡਾ

ਟੋਰਾਂਟ', 12 ਅਗਸਤ (ਪੋਸਟ ਬਿਊਰੋ) : ਇਸ ਮਹੀਨੇ ਦੇ ਪਹਿਲੇ ਹਫਤੇ ਕੋਵਿਡ-19 ਤੋਂ ਸੰਕ੍ਰਮਿਤ ਏਅਰਲਾਈਨ ਪੈਸੇਂਜਰ ਕੈਨੇਡਾ ਪਹੁੰਚੇ।ਇਹ ਅੰਕੜਾ ਪਿਛਲੇ ਮਹੀਨੇ ਦੇ ਅੰਕੜੇ ਤੋਂ ਵੀ ਪਹਿਲਾਂ ਹੀ ਟੱਪ ਚੁੱਕਿਆ ਹੈ।



ਅਗਸਤ ਦੇ ਪਹਿਲੇ ਹਫਤੇ 137 ਕੌਮਾਂਤਰੀ ਫਲਾਈਟਸ ਕੈਨੇਡਾ ਪਹੁੰਚੀਆਂ, ਇਨ੍ਹਾਂ ਵਿੱਚ ਅਜਿਹੇ ਯਾਤਰੀ ਵੀ ਆਏ ਜਿਹੜੇ ਕੋਵਿਡ-19 ਪਾਜ਼ੀਟਿਵ ਪਾਏ ਗਏ। ਮੀਡੀਆ ਅਨੁਸਾਰ ਜੁਲਾਈ ਵਿੱਚ 400 ਕੋਵਿਡ-19 ਪਾਜ਼ੀਟਿਵ ਫਲਾਈਟਸ ਕੈਨੇਡਾ ਆਈਆਂ ਸਨ।ਇਨ੍ਹਾਂ 435 ਫਲਾਈਟਸ ਵਿੱਚੋਂ 133 ਅਮਰੀਕਾ ਤੋਂ ਆਈਆਂ ਜਿਨ੍ਹਾਂ ਵਿੱਚੋਂ ਲਾਸ ਏਂਜਲਸ, ਡੱਲਾਸ, ਫੋਰਟ ਲਾਡਰਡੇਲ, ਡੈਨਵਰ ਤੇ ਸ਼ਿਕਾਗੋ ਤੋਂ ਸਨ। ਕੌਮਾਂਤਰੀ ਜਹਾਜ਼ਾਂ ਵਿੱਚੋਂ 31 ਐਮਸਟਰਡਮ ਤੋਂ ਆਏ ਤੇ ਇੱਥੇ ਇਨਫੈਕਸ਼ਨ ਦਰ ਸੱਭ ਤੋਂ ਜ਼ਿਆਦਾ ਸੀ, ਪਰ ਇਸ ਤੋਂ ਇਲਾਵਾ ਫਲਾਈਟਸ ਪੈਰਿਸ, ਇਸਤਾਨਬੁੱਲ, ਫਰੈਂਕਫਰਟ, ਮੈਕਸਿਕੋ ਸਿਟੀ ਤੇ ਲੰਡਨ ਤੋਂ ਵੀ ਆਈਆਂ।ਕੋਵਿਡ-19 ਤੋਂ ਸੰਕ੍ਰਮਿਤ ਬਹੁਤੇ ਯਾਤਰੀ ਟੋਰਾਂਟੋ ਤੇ ਮਾਂਟਰੀਅਲ ਵਿਖੇ ਲੈਂਡ ਕੀਤੇ।ਇਜ਼ਰਾਈਲ ਤੋਂ ਟੋਰਾਂਟੋ ਪਹੁੰਚੇ ਇੱਕ ਯਾਤਰੀ ਨੇ ਆਖਿਆ ਕਿ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿਉਂਕਿ ਜਹਾਜ਼ ਉੱਤੇ ਚੜ੍ਹਨ ਤੋਂ ਪਹਿਲਾਂ ਤੁਹਾਨੂੰ ਕੋਵਿਡ-19 ਟੈਸਟ ਕਰਵਾਉਣਾ ਪੈਂਦਾ ਹੈ। ਜਹਾਜ਼ ਉੱਤੇ ਚੜ੍ਹਨ ਲਈ ਪੈਸੈਂਜਰ ਦੀ ਕੋਵਿਡ-19 ਰਿਪੋਰਟ ਦਾ ਨੈਗੇਟਿਵ ਹੋਣਾ ਵੀ ਜ਼ਰੂਰੀ ਹੈ।

## ਭਾਰਤ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ ਵਧਾਵੇਗਾ ਕੈਨੇਡਾ



ਓਟਵਾ, 12 ਅਗਸਤ (ਪੋਸਟ ਬਿਊਰੋ) : ਭਾਰਤ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਕੈਨੇਡਾ 21 ਸਤੰਬਰ ਤੱਕ ਪਾਬੰਦੀਆਂ ਵਧਾਉਣ ਜਾ ਰਿਹਾ ਹੈ। ਅਜਿਹਾ ਕੋਵਿਡ-19 ਮਾਮਲਿਆਂ ਤੋਂ ਹੋਣ ਵਾਲੇ ਖਤਰੇ ਕਾਰਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਫੈਡਰਲ ਟਰਾਂਸਪੋਰਟ ਮੰਤਰਾਲੇ ਵੱਲੋਂ ਸੋਮਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਦਿੱਤੀ ਗਈ। ਪਹਿਲੀ ਵਾਰੀ ਇਹ ਪਾਬੰਦੀ 22 ਅਪਰੈਲ ਨੂੰ ਲਾਈ ਗਈ ਸੀ। ਉਸ ਤੋਂ ਬਾਅਦ ਕਈ ਵਾਰੀ ਇਸ ਵਿੱਚ ਇਜ਼ਾਫਾ ਕੀਤਾ ਜਾ ਚੁੱਕਿਆ ਹੈ। ਇਹ ਮਾਪਦੰਡ ਮਾਲ ਵਾਹਕ ਜਹਾਜ਼ਾਂ ਜਾਂ ਮੈਡੀਕਲ ਸਪਲਾਈ ਲਿਆਉਣ ਲਿਜਾਣ ਵਾਲੇ ਜਹਾਜ਼ਾਂ ਉੱਤੇ ਲਾਗੂ

# ਕੌਮਾਂਤਰੀ ਟਰੈਵਲ ਲਈ ਸਰਕਾਰ ਜਲਦ ਜਾਰੀ ਕਰੇਗੀ ਵੈਕਸੀਨ ਪਾਸਪੋਰਟ !

ਓਟਵਾ, 12 ਅਗਸਤ (ਪੋਸਟ ਬਿਊਰੋ) : ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਕੈਨੇਡੀਅਨਜ਼ ਨੂੰ ਜਲਦ ਹੀ ਇੱਕ ਸਰਕਾਰੀ ਦਸਤਾਵੇਜ਼ ਮਿਲੇਗਾ ਜਿਹੜਾ ਉਨ੍ਹਾਂ ਵੱਲੋਂ ਕਰਵਾਈ ਜਾ ਚੁੱਕੀ ਕੋਵਿਡ-19 ਵੈਕਸੀਨੇਸ਼ਨ ਦੀ ਪੁਸ਼ਟੀ ਕਰੇਗਾ। ਜਿਸ ਨਾਲ ਕੌਮਾਂਤਰੀ ਟਰੈਵਲ ਦੌਰਾਨ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਆਵੇਗੀ।



ਅਜਿਹੇ ਦਸਤਾਵੇਜ਼ ਦਾ ਵਾਅਦਾ ਓਟਵਾ ਵੱਲੋਂ ਕਈ ਮਹੀਨਿਆਂ ਤੋਂ ਕੀਤਾ ਜਾ ਰਿਹਾ ਹੈ। ਬੁੱਧਵਾਰ ਨੂੰ ਕੀਤਾ ਗਿਆ ਐਲਾਨ ਵੀ ਇਸੇ ਤਰ੍ਹਾਂ ਦੇ ਵਾਅਦੇ ਦਾ ਹੀ ਇੱਕ ਹਿੱਸਾ ਹੈ। ਫੈਡਰਲ ਸਰਕਾਰ ਅਜੇ ਵੀ ਇਹੋ ਆਖ ਰਹੀ ਹੈ ਕਿ ਇਹ ਦਸਤਾਵੇਜ਼ ਇਸ ਸਾਲ ਦੇ ਅੰਤ ਤੱਕ ਤਿਆਰ ਹੋ ਜਾਵੇਗਾ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਹ ਡਿਜੀਟਲ ਹੋਵੇਗਾ ਤੇ ਜਿਨ੍ਹਾਂ ਨੂੰ ਲੋੜ ਹੋਵੇਗੀ ਉਨ੍ਹਾਂ ਨੂੰ ਕਾਗਜ਼ੀ ਰੂਪ ਵਿੱਚ ਵੀ ਇਹ ਮੁਹੱਈਆ ਕਰਵਾਇਆ ਜਾ ਸਕੇਗਾ।

ਇਸ ਦੀ ਵਰਤੋਂ ਘਰੇਲੂ ਪੱਧਰ ਉੱਤੇ ਨਹੀਂ ਕੀਤੀ ਜਾਵੇਗੀ ਪਰ ਜੇ ਕੋਈ ਪ੍ਰੋਵਿੰਸ ਅਜਿਹਾ ਕਰਨ ਬਾਰੇ ਵਿਚਾਰ ਕਰਦਾ ਹੈ ਤਾਂ ਇਸ ਨੂੰ ਘਰੇਲੂ ਪੱਧਰ ਉੱਤੇ ਵੀ ਵਰਤਿਆ ਜਾ ਸਕੇਗਾ। ਮੈਂਡੀਸਿਨੋ ਨੇ ਆਖਿਆ ਕਿ ਇਸ ਵਿੱਚ ਸ਼ਾਮਲ ਡਾਟਾ ਵਿੱਚ ਵੈਕਸੀਨ ਦੀ ਕਿਸਮ, ਤਰੀਕਾਂ ਤੇ ਜਿਸ ਥਾਂ ਉੱਤੇ ਸਬੰਧਤ ਵਿਅਕਤੀ ਦਾ ਟੀਕਾਕਰਣ ਹੋਇਆ, ਉਹ ਸੱਭ ਦਰਜ ਹੋਣਗੇ।

# ਕੋਵਿਡ-19 ਵੈਕਸੀਨ ਪਾਸਪੋਰਟ ਦੀ ਹਮਾਇਤ ਵਿੱਚ ਹੈ ਕੈਨੇਡੀਅਨ ਬਿਜ਼ਨਸ ਕਮਿਊਨਿਟੀ

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਬਿਜ਼ਨਸ ਕਮਿਊਨਿਟੀ ਕਿਊਬਿਕ ਸਰਕਾਰ ਵੱਲੋਂ ਕਾਇਮ ਕੀਤੇ ਗਏ ਦੇਸ਼ ਦੇ ਪਹਿਲੇ ਵੈਕਸੀਨ ਪਾਸਪੋਰਟ ਸਿਸਟਮ ਦੀ ਹਮਾਇਤ ਵਿੱਚ ਹੈ।

ਕੈਨੇਡੀਅਨ ਚੇਂਬਰ ਆਫ ਕਾਮਰਸ ਦਾ ਕਹਿਣਾ ਹੈ ਕਿ ਵੈਕਸੀਨ ਪਾਸਪੋਰਟ ਜਾਂ ਡਿਜੀਟਲ ਵੈਕਸੀਨੇਸ਼ਨ ਸਰਟੀਫਿਕੇਟਸ ਭਵਿੱਖ ਵਿੱਚ ਮਹਾਂਮਾਰੀ ਤੋਂ ਬਚਣ ਵਿੱਚ ਮਦਦ ਕਰਨਗੇ। ਚੇਂਬਰ ਦਾ ਕਹਿਣਾ ਹੈ ਕਿ ਇਸ ਨਾਲ ਵਿੱਤੀ ਤੌਰ ਉੱਤੇ ਨੁਕਸਾਨਦੇਹ ਲਾਕਡਾਊਨ ਲਾਉਣ ਤੋਂ ਵੀ ਬਚਾਅ ਰਹੇਗਾ ਤੇ ਲੋਅ ਰਿਸਕ ਲੋਕ ਜ਼ਰੂਰੀ ਈਵੈਂਟਸ ਵਿੱਚ ਹਿੱਸਾ ਲੈ ਸਕਣਗੇ, ਆਜ਼ਾਦੀ ਨਾਲ ਘੁੰਮ ਫਿਰ ਸਕਣਗੇ ਤੇ ਆਪਣੇ ਰੋਜ਼ਾਨਾ ਦੇ ਕੰਮਕਾਜ ਵੀ ਆਸਾਨੀ ਨਾਲ ਪੂਰੇ ਕਰ ਸਕਣਗੇ।

ਚੇਂਬਰ ਦੇ ਪ੍ਰੈਜ਼ੀਡੈਂਟ ਪੈਰਿਨ ਬੈਟੀ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਅਜਿਹਾ ਕੋਈ




ਪ੍ਰਬੰਧ ਨਾ ਕਰਨ ਦਾ ਨਤੀਜਾ ਲੋਕਾਂ ਨੂੰ ਬੰਧੀ ਬਣਾ ਕੇ ਰੱਖਣ ਵਾਂਗ ਹੀ ਮੁੜ ਭੁਗਤਣਾ ਪੈ ਸਕਦਾ ਹੈ। ਉਨ੍ਹਾਂ ਆਖਿਆ ਕਿ 12 ਸਾਲ ਤੋਂ ਵੱਧ ਉਮਰ ਦੇ 80 ਫੀ ਸਦੀ ਕੈਨੇਡੀਅਨਜ਼ ਪਹਿਲਾਂ ਹੀ ਵੈਕਸੀਨੇਸ਼ਨ ਲਵਾਉਣ ਸਬੰਧੀ ਆਪਣੀ ਇੱਛਾ ਦਰਸ਼ਾ ਚੁੱਕੇ ਹਨ ਤੇ ਵੈਕਸੀਨੇਸ਼ਨ ਕਰਵਾ ਵੀ ਚੁੱਕੇ ਹਨ ਪਰ ਹਰਡ ਇਮਿਊਨਿਟੀ ਹਾਸਲ ਕਰਨ ਲਈ ਇਹ ਅੰਕੜਾ ਅਜੇ ਵੀ ਕਾਫੀ ਘੱਟ ਹੈ।

ਉਨ੍ਹਾਂ ਅੱਗੇ ਆਖਿਆ ਕਿ ਕੈਨੇਡੀਅਨਜ਼ ਵਾਂਗ ਵੀ ਪ੍ਰਾਈਵੇਟ ਸੈਕਟਰ ਵੀ ਵੰਨ ਸੁਵੰਨਾ ਹੈ ਪਰ ਇੱਕ ਗੱਲ ਹੈ ਜਿਸ ਬਾਰੇ ਪ੍ਰਾਈਵੇਟ ਸੈਕਟਰ ਇੱਕਜੁੱਟ ਹੈ ਤੇ ਉਹ ਹੈ ਕਿ ਅਸੀਂ ਹੋਰ ਲਾਕਡਾਊਨ ਬਰਦਾਸ਼ਤ ਨਹੀਂ ਕਰ ਸਕਦੇ। ਪਿਛਲੇ ਹਫਤੇ ਕਿਊਬਿਕ ਨੇ ਇਹ ਐਲਾਨ ਕੀਤਾ ਸੀ ਕਿ ਸਤੰਬਰ ਤੋਂ ਕਿਊਬਿਕ ਵਾਸੀਆਂ ਨੂੰ ਪ੍ਰੋਵਿੰਸ ਦੇ ਉਨ੍ਹਾਂ ਇਲਾਕਿਆਂ ਵਿੱਚ ਗੈਰ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ ਜਿੱਥੇ ਕੋਵਿਡ-19 ਟਰਾਂਸਮਿਸ਼ਨ ਕਾਫੀ ਜ਼ਿਆਦਾ ਹੈ।ਇਸ ਲਈ ਕੈਨੇਡੀਅਨ ਬਿਜ਼ਨਸ ਕਮਿਊਨਿਟੀ ਵੱਲੋਂ ਚੇਂਬਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਊਬਿਕ ਸਰਕਾਰ ਦੀ ਤਰਜ਼ ਉੱਤੇ ਜਾਂ ਤਾਂ ਵੈਕਸੀਨ ਪਾਸਪੋਰਟ ਜਾਰੀ ਕੀਤਾ ਜਾਵੇ ਤੇ ਜਾਂ ਫਿਰ ਡਿਜੀਟਲ ਵੈਕਸੀਨੇਸ਼ਨ

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਬੰਦਾ ਸਾਊ ਜਿਹਾ ਕਈਆਂ ਦੀ ਨਜ਼ਰ ਥੱਲੇ,
ਹਰ ਕੋਈ ਖਿੱਚ ਰਿਹਾ ਆਪਣੇ ਵੱਲ ਮੀਆਂ।
ਚੋਣਾਂ ਲੜਨ ਲਈ ਸਾਰੇ ਆ ਕਹਿਣ ਉਸ ਨੂੰ,
ਹਲਕਾ ਮਰਜ਼ੀ ਦਾ ਕੋਈ ਪਿਆ ਮੱਲ ਮੀਆਂ।
ਸਾਨੂੰ ਲੜਨ ਲਈ ਚਿਹਰਾ ਹੀ ਚਾਹੀਦਾ ਹੈ,
ਖਰਚੇ-ਖੁਰਚੇ ਦੀ ਕੋਈ ਨਹੀਂ ਗੱਲ ਮੀਆਂ।
ਤੁਰ ਪਿਆ ਪੂਰਾ ਪੰਜਾਬ ਜਿਉਂ ਮਗਰ ਸਾਡੇ,
ਵਗਦਾ ਵਹਿਣ ਇਹ ਕੌਣ ਲਊ ਝੱਲ ਮੀਆਂ।
ਹੱਸ ਕੇ ਆਖਿਆ ਅੱਗੋਂ ਫਿਰ ਸਾਊ ਮਿੱਤਰ,
ਜਿੱਥੇ ਬੈਠਾ ਹਾਂ, ਓਥੇ ਹੀ ਬਹਿਣ ਦਿਓ ਜੀ।
ਜਿਹੜਾ ਰਹਿ ਗਿਆ ਅਜੇ ਤੱਕ ਸਾਊ ਕੋਈ,
ਪਿੱਛੇਇੱਕਹੀ ਤਾਂਸਾਊ ਰਹਿਣ ਦਿਓ ਜੀ।

**ਤੀਸ ਮਾਰ ਖਾਂ**

# ਦਿੱਲੀ ਗੁਰਦੁਆਰਾ ਕਮੇਟੀ ਦੇ ਖਾਤਿਆਂ ਦੇ ਆਡਿਟ ਬਾਰੇ ਸਿਰਸਾ ਨੂੰ ਹਾਈਕੋਰਟ ਦਾ ਨੋਟਿਸ

ਨਵੀਂ ਦਿੱਲੀ, 12 ਅਗਸਤ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰਲੇ ਭ੍ਰਿਸ਼ਟਾਚਾਰ ਦੇ ਕੇਸ ਵਿੱਚਦਿੱਲੀ ਪੁਲਸ ਵੱਲੋਂ ਦੇਸ਼ ਛੱਡਣਦੇ ਨੋਟਿਸ ਦਾ ਸਾਹਮਣਾ ਕਰ ਰਹੇ ਦਿੱਲੀ ਗੁਰ-ਦੁਆਰਾ ਕਮੇਟੀ ਦੇ ਮੁਖੀ ਮਨਜਿੰਦਰ ਸਿੰਘ ਸਿਰਸਾ ਨੂੰ ਅੱਜ ਹਾਈ ਕੋਰਟ ਤੋਂ ਇੱਕ ਹੋਰ ਨੋਟਿਸ ਮਿਲ ਗਿਆ ਹੈ।

ਤਾਜ਼ਾ ਮਾਮਲਾ ਦਿੱਲੀ ਗੁਰਦੁ-ਆਰਾ ਕਮੇਟੀ ਦੇ ਖਾਤਿਆਂ ਦੀ ਆਡਿਟ ਰਿਪੋਰਟ ਨੂੰ ਲੁਕਾਉਣ ਦਾ ਦੱਸਿਆ ਜਾਂਦਾ ਹੈ।ਇਸ ਬਾਰੇਅਦ-ਾਲਤ ਨੇ ਇਸ ਸਾਬਕਾ ਵਿਧਾਇਕਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੋਂ ਸਫਾਈ ਮੰਗੀ ਹੈ। ਕੇਸ ਦੇ ਪਟੀਸ਼ਨਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅੱਜ ਏਥੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ 'ਸਿਰਸਾ ਡਿਲਾਇਟ ਕੰਪਨੀ ਦੀ ਆਡਿਟ ਰਿਪੋਰਟ ਨੂੰ ਲੁਕਾ ਰਹੇ ਹਨ ਅਤੇ ਸੰਗਤ ਨੂੰ ਜਵਾਬ ਚਾਹੀਦਾ ਹੈ। ਆਡਿਟ ਕੰਪਨੀ ਆਪਣੇ ਜਵਾਬ ਵਿੱਚਮੰਨਦੀ ਹੈ ਕਿ ਉਨ੍ਹਾਂ ਵੱਲੋਂ ਆਡਿਟ ਕੀਤੀ ਜਾਇਦਾਦ ਕਿਸੇ ਵਿਅਕਤੀ ਜਾਂ ਕਿਸੇ ਸੰਸਥਾ ਨਾਲ ਜੁੜੀ ਨਹੀਂ ਹੈ, ਇਹ ਇੱਕਪਬਲਿਕ ਆਡਿਟ ਹੈ, ਪਰ ਬਾਦਲ ਪਰਵਾਰ ਦੇ ਬੰਦਿਆਂ ਨੇ ਦਿੱਲੀ ਦੀ ਧਾਰਮਿਕ ਵਿਵਸਥਾ ਨੂੰ ਜੜ੍ਹੋਂ ਪੁੱਟਣ ਦਾ ਰਾਹ ਫੜ ਲਿਆ ਹੈ।' ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਬਾਦਲ ਪਰਵਾਰ ਤੇ ਮਨਜਿੰਦਰ ਸਿੰਘ ਸਿਰਸਾ ਆਪਣੇ ਸਿਆਸੀ ਮੰਤਵਾਂ ਲਈ ਗੁਰਦੁਆਰਿਆਂ ਦੀ ਕੀਮਤੀ ਜਾਇਦਾਦ ਦੀ ਦੁਰਵਰਤੋਂ ਕਰ ਰਹੇ



ਹਨ।' ਉਨ੍ਹਾ ਨੇ ਕਿਹਾ ਕਿਦਿੱਲੀਹਾਈ ਕੋਰਟ ਨੇ ਦਿੱਲੀ ਗੁਰਦੁਆਰਾ ਕਮੇਟੀ ਵਿੱਚਹੁੰਦੇ ਗਲਤ ਕੰਮਾਂ ਬਾਰੇਨਵਾਂ ਹੁਕਮ ਜਾਰੀ ਕੀਤਾ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੇ ਇੱਕ ਹੋਰ ਸਾਬਕਾ ਪ੍ਰਧਾਨ ਤੇ ਪਰਮਜੀਤ ਸਿੰਘ ਸਰਨਾ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੇ ਕਿਹਾ, 'ਅਸੀਂ 120 ਕਰੋੜ ਰੁਪਏ ਦਾ ਰਿਜ਼ਰਵ ਛੱਡਿਆ ਸੀ ਤੇ ਪਿਛਲੇ 8 ਸਾਲਾਂ ਵਿੱਚ 250 ਕਰੋੜ ਤੋਂ ਵੱਧ ਦਾ ਰਿਜ਼ਰਵ ਬਣਨਾ ਚਾਹੀਦਾ ਸੀ। ਸੂਝ ਤੋਂ ਸੱਖਣੀ ਮੈਨੇਜਮੈਂਟ ਕਾਰਨ ਅੱਜ ਗੁਰੂ ਕੀ ਗੋਲਕ ਖਾਲੀ ਹੋ ਚੁੱਕੀ ਹੈਤੇ ਇਸ ਦੇ ਸਟਾਫ ਨੂੰ ਤਨਖਾਹ ਵੀ ਨਹੀਂ ਮਿਲ ਰਹੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਹੇਠਲੀਆਂ ਸੰਸਥਾਵਾਂ ਦੀ ਹਾਲਤ ਨੂੰ ਖੋਖਲਾ ਕਰ ਦਿੱਤਾ ਹੈ ਅਤੇ ਅਦਾਲਤ ਅਤੇ ਦਿੱਲੀ ਪੁਲਸ ਨੇ ਦੋਸ਼ੀਆਂ ਦੇ ਦੇਸ਼ ਛੱਡਣਦੀ ਪਾਬੰਦੀ ਲਾਈ ਹੋਈ ਹੈ।

ਇਸ ਪ੍ਰੈੱਸ ਕਾਨਫਰੰਸ ਵਿੱਚ ਅਕਾਲੀ ਦਲ ਦੇ ਜਨਰਲ ਸੈਕਟਰੀ ਗੁਰਮੀਤ ਸਿੰਘ ਸ਼ੰਟੀ ਨੇ ਕਿਹਾ ਕਿ ਸੇਵਾ ਦੇ ਨਾਂ ਉੱਤੇਮਨਜਿੰਦਰ ਸਿੰਘ ਸਿਰਸਾ ਸਿਰਫਖੋਖਲਾ ਪ੍ਰਦਰਸ਼ਨ ਕਰ ਰਿਹਾ ਹੈ, ਮੈਡੀਕਲ, ਸਿੱਖਿਆ, ਖੇਡਾਂ ਆਦਿ ਖੇਤਰਾਂਦਾ ਘੱਟੋ-ਘੱਟ ਵਿਕਾਸ ਵੀ ਨਹੀਂ ਹੋਇਆ ਅਤੇ ਗੁਰੂ ਦੇ ਦਸਵੰਧ ਦੀ ਬੇਅਦਬੀ ਹੋ ਰਹੀ ਹੈ।

# ਨਵਜੋਤ ਸਿੱਧੂ ਦਾ ਨਵਾਂ ਐਲਾਨ: ਵਿਧਾਨ ਸਭਾ ਸੈਸ਼ਨ ਵਿੱਚ ਬਿਜਲੀ ਸਮਝੌਤੇ ਹਰ ਹਾਲ ਖ਼ਤਮ ਹੋਣਗੇ

*** ਤਿੰਨ ਤੋਂ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ**

ਅੰਮ੍ਰਿਤਸਰ, 12 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਿੱਲੀਉਂ ਮੁੜਨ ਤੋਂ ਪਹਿਲਾਂ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਨੇ ਨਵਾਂ ਐਲਾਨ ਕਰ ਦਿਤਾ ਹੈ ਕਿ ਇਸ ਵਾਰ ਵਿਧਾਨ ਸਭਾ ਸੈਸ਼ਨ ਵਿੱਚ ਬਿਜਲੀ ਸਮਝੌਤੇ ਹਰ ਹਾਲਖ਼ਤਮ ਕੀਤੇ ਜਾਣਗੇ ਤੇ ਪੰਜਾਬ ਦੇ ਜਿਨ੍ਹਾਂ ਲੋਕਾਂ ਨੂੰ ਬਿਜਲੀ 12 ਰੁਪਏਯੂਨਿਟ ਦਿੱਤੀ ਜਾ ਰਹੀ ਹੈ, ਉਨ੍ਹਾਂ ਨੂੰ ਹਰ ਹਾਲਤਿੰਨ ਤੋਂ ਪੰਜ ਰੁਪਏ ਵਿੱਚ ਦਿੱਤੀ ਜਾਵੇਗੀ। ਨਵਜੋਤ ਸਿੰਘ ਸਿੱਧੂਅੱਜ ਵੀਰਵਾਰ ਨੂੰ ਹਲਕਾ ਅੰਮ੍ਰਿਤਸਰ ਪੂਰਬੀ ਦੇ ਵੱਖ-ਵੱਖ ਖੇਤਰਾਂ ਦੇਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਪਿੱਛੋਂ ਬਟਾਲਾ ਰੋਡ ਉੱਪਰਲੇ ਏਐੱਸ ਫਾਰਮ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਸ ਮੌਕੇ ਕਈ ਐਲਾਨ ਕੀਤੇਤੇ ਕਿਹਾ ਕਿ ਉਨ੍ਹਾਂ ਦੀ ਜਨਮ ਭੂਮੀ ਪਟਿਆਲਾ ਹੈ ਤੇ ਅੰਮ੍ਰਿਤਸਰ ਉਨ੍ਹਾਂ ਦੀ ਕਰਮ ਭੂਮੀ ਹੈ, ਜਿਸ ਨੂੰ ਉਹ ਕਿਸੇ ਕੀਮਤ ਉੱਤੇਨਹੀਂ ਛੱਡਣਗੇ, ਉਨ੍ਹਾਂ ਨੂੰ ਭਾਵੇਂ ਸਭ ਕੁਝ ਛੱਡ ਦੇਣਾ ਪਵੇ, ਪਰ ਉਹ ਪਿੱਛੇ ਨਹੀਂ ਹਟਣਗੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 17 ਰੁਪਏ ਯੂਨਿਟ ਬਿਜਲੀ ਬਲੈਕ ਵਿੱਚ ਖ਼ਰੀਦੀ ਸੀ, ਇਸ ਲਈ ਉਹ ਚੈਲੰਜ ਕਰਦੇ ਹਨ ਕਿ ਇਸ ਉੱਤੇ ਕੋਈ ਉਨ੍ਹਾਂ ਨਾਲ ਬਹਿਸ ਕਰਨਾ ਚਾਹੇ ਤਾਂ ਕਰ ਸਕਦਾ ਹੈ। ਉਨ੍ਹਾਂ ਪੰਜਾਬ ਉੱਤੇ 65 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚਾੜ੍ਹ ਦਿੱਤਾ ਤੇ ਅੱਠ ਹਜ਼ਾਰ ਕਰੋੜ ਰੁਪਏ ਬਿਨਾਂ ਬਿਜਲੀ ਖ਼ਰੀਦੇ ਕੰਪਨੀਆਂ ਨੂੰ ਦੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਨਾਂ ਕਰ ਕੇ ਉਹ ਘਰ ਬੈਠ ਗਏ ਸਨ, ਪਰ ਹਾਈ ਕਮਾਨ ਨੇ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਆਵਾਜ਼ ਸੁਣੋ ਤੇ ਐਲਾਨ ਕੀਤਾ ਕਿ ਜਿਵੇਂ ਪੰਜਾਬ ਦੇ ਲੋਕ ਸਿਰਜਣਾ ਚਾਹੁੰਦੇ ਹਨ, ਉਸੇ ਤਰ੍ਹਾਂ ਪੰਜਾਬ ਸਿਰਜਣਾ ਪਵੇਗਾ।

# ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਮਾਮੂਲੀ ਵਾਧੇ ਤੋਂ ਘਬਰਾਉਣ ਦੀ ਲੋੜ ਨਹੀਂ : ਮੂਰ

**ਮੁਕੰਮਲ ਰੀਓਪਨਿੰਗ ਤੋਂ ਦੋ ਕਦਮ ਦੂਰ ਹੈ ਓਨਟਾਰੀਓ**

ਟੋਰਾਂਟੋ, 12 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਸਾਲ ਦੇ ਅੰਤ ਵਿੱਚ ਕੋਵਿਡ-19 ਮਾਮਲਿਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਪਰ ਇਹ ਚਿੰਤਾ ਦਾ ਕਾਰਨ ਨਹੀਂ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਰੀਓਪਨਿੰਗ ਪ੍ਰਕਿਰਿਆ ਦੇ ਤੀਜੇ ਪੜਾਅ ਵਿੱਚੋਂ ਬਾਹਰ ਨਿਕਲਣ ਜਾ ਰਿਹਾ ਹੈ।

ਪ੍ਰੋਵਿੰਸ ਵਿੱਚ ਲਗਾਤਾਰ ਪੰਜਵੇਂ ਦਿਨ ਕੋਵਿਡ-19 ਦੇ ਮਾਮਲੇ 300 ਤੋਂ ਉੱਪਰ ਰਹੇ, ਇਸ ਨਾਲ ਸੱਤ ਦਿਨਾਂ ਦੀ ਰੋਜ਼ਾਨਾ ਕੋਵਿਡ ਇਨਫੈਕਸ਼ਨ 306 ਤੱਕ ਪਾਈ ਗਈ। ਆਖਰੀ ਵਾਰੀ ਕੋਵਿਡ-19 ਦੇ ਮਾਮਲਿਆਂ ਵਿੱਚ ਅਜਿਹਾ ਵਾਧਾ ਜੂਨ ਦੇ ਅਖੀਰ ਵਿੱਚ ਪਾਇਆ ਗਿਆ ਸੀ। ਮੰਗਲਵਾਰ ਦੁਪਹਿਰ ਨੂੰ ਨਿਊਜ਼ ਕਾਨਫਰੰਸ ਵਿੱਚ ਗੱਲ ਕਰਦਿਆਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ॰ ਕੀਰਨ ਮੂਰ ਨੇ ਆਖਿਆ ਕਿ ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਤੋਂ ਬਚਣ ਦਾ ਇੱਕੋ ਰਾਹ ਇਹ ਹੈ ਕਿ ਅਸੀਂ ਆਪਣਾ ਟੀਕਾਕਰਣ ਪੂਰਾ ਕਰਵਾਈਏ।

ਉਨ੍ਹਾਂ ਆਖਿਆ ਕਿ ਅਗਸਤ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੌਲੀ ਹੌਲੀ ਵਾਧਾ ਹੋਇਆ ਹੈ ਤੇ ਇੰਡੋਰਜ਼ ਲਈ ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਇਹ ਮਾਮਲੇ ਹੋਰ ਤੇਜ਼ੀ ਨਾਲ ਵਧੇ ਹਨ। ਉਨ੍ਹਾਂ ਆਖਿਆ ਕਿ



ਪਬਲਿਕ ਹੈਲਥ ਯੂਨਿਟਸ ਕੋਲ ਹੁਣ ਅਜਿਹੇ ਮਾਮਲਿਆਂ ਦੀ ਕਾਂਟੈਕਟ ਟਰੇਸਿੰਗ ਲਈ ਪੂਰੀ ਸਮਰੱਥਾ ਹੈ ਤੇ ਅਸੀਂ ਇਸ ਬਿਮਾਰੀ ਨੂੰ ਅੱਗੇ ਫੈਲਣ ਤੋਂ ਰੋਕ ਵੀ ਸਕਦੇ ਹਾਂ। ਉਨ੍ਹਾਂ ਆਖਿਆ ਕਿ ਵੱਡੀ ਉਮਰ ਦੇ ਬਹੁਤੇ ਲੋਕ ਟੀਕਾਕਰਣ ਕਰਵਾ ਚੁੱਕੇ ਹਨ, ਹੁਣ ਨੌਜਵਾਨ ਵਰਗ ਅਜਿਹਾ ਹੈ ਜਿਸ ਵਿੱਚ ਕੋਵਿਡ ਦੇ ਮਾਮਲੇ ਜ਼ਿਆਦਾ ਪਾਏ ਜਾ ਰਹੇ ਹਨ। ਤੀਜੀ ਵੇਵ ਵਿੱਚ ਵੀ ਇਹੋ ਸਾਹਮਣੇ ਆਇਆ ਕਿ ਨੌਜਵਾਨਾਂ ਨੂੰ ਵਧੇਰੇ ਟੀਕਾਕਰਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਮੁਕੰਮਲ ਟੀਕਾਕਰਣ ਦਰ ਤੇ ਮਾਸਕ ਲਾਉਣ ਵਰਗੀਆਂ ਪ੍ਰੋਟੋਕਾਲਜ਼ ਨੂੰ ਮੰਨ ਕੇ ਹੈਲਥ ਕੇਅਰ ਸਿਸਟਮ ਨੂੰ ਰਿਕਵਰ ਹੋਣ ਦਾ ਮੌਕਾ ਦਿੱਤਾ ਜਾ ਸਕਦਾ ਹੈ।ਮੂਰ ਅਨੁਸਾਰ 12 ਸਾਲ ਤੇ ਇਸ ਤੋਂ ਵੱਧ ਉਮਰ ਦੇ 81 ਫੀ ਸਦੀ ਓਨਟਾਰੀਓ ਵਾਸੀਆਂ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ। ਪ੍ਰੋਵਿੰਸ ਸੈਕਿੰਡ ਡੋਜ਼ ਵੈਕਸੀਨੇਸ਼ਨ ਦਾ 75 ਫੀ ਸਦੀ ਟੀਚਾ ਪੂਰਾ ਕਰਨ ਤੋਂ ਤਿੰਨ ਫੀ ਸਦੀ ਦੀ ਦੂਰੀ ਉੱਤੇ ਹੈ। ਮੂਰ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਗਲੇ ਹਫਤੇ ਤੋਂ 10 ਦਿਨਾਂ ਦੇ ਅੰਦਰ ਇਹ ਟੀਚਾ ਪੂਰਾ ਕਰ ਲਿਆ ਜਾਵੇਗਾ।

# ਮੋਦੀ ਸਰਕਾਰ ਖ਼ਿਲਾਫ਼ ਆਪੋਜ਼ੀਸ਼ਨ ਪਾਰਟੀਆਂ ਦਾ ਰੋਸ ਪ੍ਰਦਰਸ਼ਨ

*** ਰਾਹੁਲ ਨੇ ਸਰਕਾਰ ਉੱਤੇ ਲੋਕਤੰਤਰ ਦੀ ਹੱਤਿਆ ਦਾ ਦੋਸ਼ ਲਾਇਆ**



ਨਵੀਂ ਦਿੱਲੀ, 12 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਬਾਰੇ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਵਿਰੋਧੀ ਧਿਰਾਂ ਅਤੇ ਹੋਰ ਆਗੂਆਂ ਨੇ ਅੱਜ ਪਾਰਲੀਮੈਂਟ ਭਵਨ ਤੋਂ ਵਿਜੇ ਚੌਕ ਤਕ ਰੋਸ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਰੋਧੀ ਆਗੂਆਂ ਦਾ ਕਹਿਣਾ ਸੀ ਕਿ ਸਰਕਾਰ ਨੇ ਪਾਰਲੀਮੈਂਟ ਦੀ ਵਿਰੋਧੀ ਧਿਰ ਦੀ ਆਵਾਜ਼ ਨੂੰ ਅਣਸੁਣਿਆ ਕੀਤਾ ਹੈ, ਜਿਸ ਤੋਂ ਉਨ੍ਹਾਂ ਨੂੰ ਸੜਕ ਉੱਤੇ ਆਉਣਾ ਪਿਆ ਹੈ।

ਅੱਜ ਏਥੇ ਵਿਰੋਧੀ ਦੇ ਮਾਰਚ ਪਿੱਛੋਂ ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਪੈਗਾਸਸ ਬਾਰੇ ਬਹਿਸ ਕਰਨ ਲਈ ਕਿਹਾ ਸੀ, ਪਰ ਸਰਕਾਰ ਨੇ ਇਸ ਬਹਿਸ ਕਰਨ ਤੋਂ ਮਨਾ ਕਰ ਦਿੱਤਾ। ਅਸੀਂ ਪਾਰਲੀਮੈਂਟ ਦੇ ਬਾਹਰ ਕਿਸਾਨਾਂ ਦਾ ਮੁੱਦਾ ਚੁੱਕਿਆ ਅਤੇ ਏਥੇ ਆਪਣੀ ਗੱਲ ਕਰਨ ਆਏ ਹਾਂ, ਕਿਉਂਕਿ ਸਾਨੂੰ ਪਾਰਲੀਮੈਂਟ ਵਿੱਚ ਨਹੀਂ ਬੋਲਣ ਦਿੱਤਾ ਗਿਆ ਤੇ ਇਹ ਦੇਸ਼ ਦੇ ਲੋਕਤੰਤਰ ਦੀ ਹੱਤਿਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਪਾਰਲੀਮੈਂਟ ਵਿੱਚ ਦੇਸ਼ ਦੇ 60 ਫ਼ੀਸਦੀ ਲੋਕਾਂ ਦੀ ਆਵਾਜ਼ ਦਬਾਈ ਗਈ ਹੈ।ਇਸ ਮੌਕੇ ਰਾਜਸਭਾ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਬੁੱਧਵਾਰ ਨੂੰ ਸਦਨ ਵਿੱਚ ਹੋਈਆਂ ਘਟਨਾਵਾਂ ਦੇ ਬਾਰੇ ਸਰਕਾਰ ਉੱਤੇ ਦੋਸ਼ ਲਾਇਆ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ 55 ਸਾਲ ਦੀ ਪਾਰਲੀਮੈਂਟਰੀ ਸਿਆਸਤ ਵਿੱਚ ਇਹ ਹਾਲਤ ਕਦੀ ਨਹੀਂ ਦੇਖੀ ਕਿ ਮਹਿਲਾ ਪਾਰਲੀਮੈਂਟ ਮੈਂਬਰਾਂ ਉੱਤੇ ਸਦਨ ਦੇ ਅੰਦਰ ਹਮਲਾ ਕੀਤਾ ਗਿਆ ਹੋਵੇ।ਉਨ੍ਹਾ ਕਿਹਾ ਕਿ ਪਾਰਲੀਮੈਂਟ ਮੈਂਬਰਾਂ ਨੂੰ ਕੰਟਰੋਲ ਕਰਨ ਲਈ 40 ਤੋਂ ਵੱਧ ਮਰਦਾਂ ਤੇ ਔਰਤਾਂ ਨੂੰ ਬਾਹਰੋਂ ਸਦਨ ਵਿੱਚ ਲਿਆਂਦਾ ਗਿਆ ਸੀ, ਇਹ ਸਭ ਦਰਦਨਾਕ ਹੈ ਅਤੇ ਲੋਕਤੰਤਰ ਉੱਤੇ ਇਹ ਇਕ ਹਮਲਾ ਹੈ।

ਕਾਂਗਰਸ ਆਗੂ ਮਲਿਕਾਰਜੁਨ ਖੜਗੇ ਅਤੇ ਤ੍ਰਿਣਮੂਲ ਕਾਂਗਰਸ ਦੇ ਡੇਰੇਕ ਓ ਬ੍ਰਾਇਨ ਸਮੇਤ ਕਈ ਹੋਰ ਵਿਰੋਧੀ ਪਾਰਲੀਮੈਂਟ ਮੈਂਬਰਾਂ ਨੇ ਵੀ ਸਰਕਾਰ ਉੱਤੇ ਹਮਲਾ ਬੋਲਿਆ। ਖੜਗੇ ਨੇ ਦੋਸ਼ ਲਾਇਆ ਕਿ ਵਿਰੋਧ-ਪ੍ਰਦਰਸ਼ਨ ਦੌਰਾਨ ਰਾਜ ਸਭਾ ਵਿੱਚ ਮੌਜੂਦ ਕੁਝ ਔਰਤਾਂ ਸੁਰੱਖਿਆ ਕਰਮੀਆਂ ਨੇ ਵਿਰੋਧੀ ਧਿਰ ਦੀਆਂ ਮਹਿਲਾ ਮੈਂਬਰਾਂ ਨਾਲ ਧੱਕਾ-ਮੁੱਕੀ ਕੀਤੀ ਤੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਖੜਗੇ ਨੇ ਕਿਹਾ ਕਿ ਰਾਜਸਭਾਬਾਰੇ ਫ਼ੈਸਲਾ ਹੋਇਆ ਸੀ ਕਿ ਬਿੱਲ ਉੱਤੇਚਰਚਾ ਕੀਤੀ ਜਾਵੇਗੀ ਤੇ ਅਸੀਂ ਓਬੀਸੀ ਬਿੱਲ ਉੱਤੇ ਧਿਆਨ ਕੇਂਦਰਿਤ ਕਰਾਂਗੇ ਅਤੇ ਸੰਵਿਧਾਨ ਸੋਧ ਬਿੱਲ ਪਾਸ ਕਰਾਂਗੇ, ਪਰ ਉਨ੍ਹਾਂ ਨੇ ਆਪਣਾ ਵਾਅਦਾ ਨਹੀਂ ਨਿਭਾਇਆ ਤੇ ਉਨ੍ਹਾਂ ਨੇ ਇਸ ਮੁੱਦੇ ਨੂੰ ਟਰਾਂਸਫਰ ਕਰ ਦਿੱਤਾ।

ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਸਰਕਾਰ ਦੀ ਨਿੰਦਾ ਕਰਦੇ ਹੋਏ ਦੋਸ਼ ਲਾਇਆ ਕਿ ਮੋਦੀ ਸਰਕਾਰ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀ ਗੱਲ ਕਰਦੀ ਹੈ, ਪਰ ਔਰਤਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਰਲੀਮੈਂਟ ਮੈਂਬਰਾਂ ਨਾਲ ਕੁੱਟਮਾਰ ਕੀਤੀ ਗਈ ਹੈ।ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਕਿ ਮਹਿਲਾ ਪਾਰਲੀਮੈਂਟ ਮੈਂਬਰਾਂ ਨਾਲ ਜਿਵੇਂ ਬੁਰਾ ਵਿਹਾਰ ਕੀਤਾ ਗਿਆ ਤੇ ਪਾਰਲੀਮੈਂਟ ਮੈਂਬਰਾਂ ਨਾਲ ਗੁੰਡਿਆਂ ਵਾਂਗ ਵਿਹਾਰ ਕੀਤਾ ਗਿਆ, ਉਨ੍ਹਾਂ ਨੂੰ ਧੱਕਾ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਚੁੱਪ ਰਹਿਣ ਦੀ ਧਮਕੀ ਦਿੱਤੀ ਗਈ, ਉਹ ਸ਼ਰਮਨਾਕ ਹੈ।

# ਮਰਿਆਦਾ ਦੀ ਉਲੰਘਣਾ ਬਦਲੇ ਗੁਰਦੁਆਰਾ ਨਾਨਕ ਮੱਤਾ ਸਾਹਿਬ ਦੀ ਕਮੇਟੀ ਦੇ ਆਗੂਆਂ ਨੂੰ ਧਾਰਮਿਕ ਸਜ਼ਾ

*** ਅੱਗੋਂ ਬੋਲ ਪੈਣ ਵਾਲਾ ਇੱਕ ਜਣਾ ਤਨਖ਼ਾਹੀਆ ਕਰਾਰ**

ਅੰਮ੍ਰਿਤਸਰ, 12 ਅਗਸਤ, (ਪੋਸਟ ਬਿਊਰੋ)- ਪਿਛਲੇ ਦਿਨੀਂ ਗੁਰਦੁਆਰਾ ਨਾਨਕ ਮੱਤਾ ਸਾਹਿਬ ਵਿਖੇ ਉੱਤਰਾਖੰਡ ਰਾਜ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੀ ਆਮਦ ਮੌਕੇ ਪਹਾੜੀ ਡਰੈੱਸ ਪਹਿਨਣ ਵਾਲੀਆਂ ਕੁੜੀਆਂ ਤੋਂ ਡਾਂਸ ਕਰਾਉਣ ਤੇ ਮੁੱਖ ਮੰਤਰੀ ਨੂੰ ਚਾਂਦੀ ਦਾ ਮੁਕਟ ਪਹਿਨਾਉਣ ਦੇ ਦੋਸ਼ ਵਿੱਚ ਪ੍ਰਬੰਧਕ ਕਮੇਟੀ ਅਤੇ ਇੱਕ ਕਾਰ ਸੇਵਾ ਵਾਲੇ ਬਾਬੇ ਨੂੰ ਅੱਜ ਸ੍ਰੀ ਅਕਾਲ ਤਖ਼ਤ ਵਿਖੇ ਸੱਦਿਆ ਗਿਆ ਸੀ। ਇਸ ਪੇਸ਼ੀ ਮੌਕੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਪੰਜ ਪਿਆਰੇ ਭਾਈ ਮੰਗਲ ਸਿੰਘ ਅਤੇ ਭਾਈ ਬਿਕਰਮਜੀਤ ਸਿੰਘ ਨੇ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਖੜ੍ਹੇ ਹੋ ਕੇ ਆਪਣਾ ਪੱਖ ਰੱਖਣ ਲਈ ਕਿਹਾ। ਇਸ ਮੌਕੇ ਗੁਰਦੁਆਰਾ ਨਾਨਕ ਮੱਤਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੇਵਾ ਸਿੰਘ, ਮੀਤ ਪ੍ਰਧਾਨ ਜਸਵਿੰਦਰ ਸਿੰਘ ਗਿੱਲ, ਜਰਨਲ ਸੈਕਟਰੀ ਧੰਨਾ ਸਿੰਘ ਅਤੇ ਕਾਰਸੇਵਾ ਵਾਲੇ ਬਾਬਾ ਤਰਸੇਮ ਸਿੰਘ ਨੇ ਆਪਣੀ ਭੁੱਲ ਪ੍ਰਵਾਨ ਕੀਤੀ।ਜਦੋਂ ਜਥੇਦਾਰ ਰਘਬੀਰ ਸਿੰਘ ਨੇ ਦੇਖਿਆ ਕਿ ਜਸਵਿੰਦਰ ਸਿੰਘ ਗਿੱਲ ਨੇ ਦਾੜ੍ਹੀ ਰੰਗੀ



ਹੋਈ ਹੈ ਤਾਂ ਉਨ੍ਹਾਂ ਨੇ ਉਸ ਨੂੰ ਹੋਰਨਾਂ ਤੋਂ ਲਾਂਭੇ ਹੋ ਕੇ ਖੜੇ ਹੋਣ ਲਈ ਕਿਹਾ, ਜਿਸ ਨਾਲ ਜਸਵਿੰਦਰ ਸਿੰਘ ਗੁੱਸੇ ਵਿੱਚ ਆ ਗਿਆ, ਪਰ ਬਾਕੀ ਤਿੰਨ ਜਣੇ ਸੰਗਤ ਵਿਚ ਖੜ੍ਹੇ ਰਹੇ ਅਤੇ ਜਸਵਿੰਦਰ ਸਿੰਘ ਪਾਸੇ ਖੜ੍ਹਾ ਰਿਹਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਜਣਿਆਂ ਪ੍ਰਧਾਨ ਸੇਵਾ ਸਿੰਘ, ਜਨਰਲ ਸੈਕਟਰੀ ਧੰਨਾ ਸਿੰਘ ਅਤੇ ਕਾਰਸੇਵਾ ਵਾਲੇ ਬਾਬਾ ਤਰਸੇਮ ਸਿੰਘ ਨੂੰ 15 ਦਿਨ ਗੁਰਦੁਆਰਾ ਨਾਨਕਮਤਾ ਸਾਹਿਬ ਵਿਖੇ ਕਥਾ ਸੁਣਨ, ਗੁਰੂ ਘਰ ਵਿਚ ਝਾੜੂ ਫੇਰਨ, ਜੋੜੇ ਸਾਫ਼ ਕਰਨ ਤੇ ਲੰਗਰ ਵਿਚ ਬਰਤਨ ਸਾਫ਼ ਕਰਨ ਦੇ ਨਾਲ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦੇ ਪਾਠ ਕਰਨ ਦਾ ਆਦੇਸ਼ ਦਿੱਤਾ।ਇਸ ਸੇਵਾ ਪਿੱਛੋਂ ਸਾਰਿਆਂ ਨੂੰ 2100 ਰੁਪਏ ਦੀ ਦੇਗ ਤੇ 2100 ਰੁਪਏ ਗੁਰੂ ਕੀ ਗੋਲਕ ਵਿਚ ਪਾਉਣ ਦਾਆਦੇਸ਼ ਕੀਤਾ। ਤਿੰਨਾਂ ਅਹੁਦੇਦਾਰਾਂ ਨੂੰ ਸੇਵਾ ਲਾਉਣ ਪਿੱਛੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਗਿੱਲ ਨੂੰ ਦਾੜ੍ਹੀ ਰੰਗੀ ਹੋਣਬਾਰੇ ਇਕ ਹਫ਼ਤੇ ਅੰਦਰ ਪੰਜ ਪਿਆਰੇ ਸਿੰਘਾਂ ਕੋਲ ਪੇਸ਼ ਹੋਣ ਨੂੰ ਕਿਹਾ। ਇਹ ਸੁਣ ਕੇ ਜਸਵਿੰ-ਦਰ ਸਿੰਘ ਗਿੱਲ ਨੇ ਅਕਾਲ ਤਖ਼ਤ ਦੀ ਫਸੀਲ ਉੱਤੇ ਖੜ੍ਹੇ ਸਿੰਘ ਸਾਹਿਬਾਨ ਨੂੰ ਆਪਣੀ ਗੱਲ ਸੁਣਨ ਨੂੰ ਉੱਚੀ ਆਵਾਜ਼ ਵਿੱਚਕਿਹਾ।ਜਦੋਂ ਜਥੇਦਾਰ ਨੇ ਜਸਵਿੰਦਰ ਸਿੰਘ ਦੀ ਗੱਲ ਨਾ ਸੁਣੀ ਤਾਂ ਗੁੱਸੇ ਵਿਚ ਉਸ ਨੇ ਆਪਣੀ ਕੁਰਬਾਨੀ ਬਾਰੇਦੱਸਣਾ ਸ਼ੁਰੂ ਕਰ ਦਿੱਤਾ।ਉਸ ਨੇ ਕਿਹਾ ਕਿ ਜੇ ਸਾਡੀ ਸੁਣਵਾਈ ਨਹੀਂ ਤਾਂ ਅਸੀਂ ਪੇਸ਼ ਕਿਉਂ ਹੋਈਏ। ਜਥੇਦਾਰਾਂ ਨੇ ਇਸ ਗੁਸਤਾਖ਼ੀ ਬਦਲੇ ਜਸਵਿੰਦਰ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਕੇ ਉੱਤਰਾਖੰਡ ਦੀਆਂ ਸੰਗਤਾਂ ਨੂੰ ਆਦੇਸ਼ ਕੀਤਾ ਕਿ ਉਹ ਜਸਵਿੰਦਰ ਸਿੰਘ ਨੂੰ ਮੂੰਹ ਨਾ ਲਾਉਣ।

# ਭੋਲਾ ਡਰੱਗਜ਼ ਕੇਸ : 10 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ

ਐਸ ਏ ਐਸ ਨਗਰ, 12 ਅਗਸਤ (ਪੋਸਟ ਬਿਊਰੋ)- ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਜਗਦੀਸ਼ ਸਿੰਘ ਭੋਲਾ ਨਾਲ ਜੁੜੇ ਪੰਜਾਬ ਦੇ ਡਰੱਗਜ਼ ਮਨੀ ਲਾਂਡਰਿੰਗ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਬੇਨਾਮੀ ਦੱਸੀ ਗਈ ਜਾਇਦਾਦ ਦੀ ਜਾਂਚ ਦੇ ਕੇਸ ਵਿੱਚ 10 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ। ਜ਼ਬਤ ਕੀਤੀਆਂ ਜਾਇਦਾਦਾਂ ਵਿੱਚ ਅਚੱਲ ਜਾਇਦਾਦ, ਭਾਰਤੀ ਅਤੇ ਵਿਦੇਸ਼ੀ ਕਰੰਗੀ ਅਤੇ ਐਫ ਡੀ (ਫਿਕਸਡ ਡਿਪਾਜ਼ਿਟਸ) ਸ਼ਾਮਲ ਹਨ ਅਤੇ ਇਸ ਕੇਸ ਵਿੱਚ ਨਾਮਜ਼ਦ ਚਾਰ ਦੋਸ਼ੀਆਂ ਰਾਏ ਬਹਾਦਰ ਨਿਰਵਾਲ, ਮਹੇਸ਼ ਗਾਬਾ, ਅਨੂਪ ਸਿੰਘ ਕਾਹਲੋਂ ਅਤੇ ਵਰਿੰਦਰ ਸਿੰਘ ਰਾਜਾ ਦੇ ਨਾਂਅ ਸ਼ਾਮਲ ਸਨ, ਜੋ ਅਜੇ ਤੱਕ ਫ਼ਰਾਰ ਹਨ।

ਈ ਡੀ ਮੁਤਾਬਕ ਅਦਾਲਤ ਨੇ ਜ਼ਬਤ ਕਰਨ ਦਾ ਹੁਕਮ ਦਿੰਦੇ ਹੋਏ ਸਪੱਸ਼ਟ ਦੇਖਿਆ ਕਿ ਅਖ਼ਬਾਰ ਵਿੱਚ ਛਪਣ ਦੇ ਬਾਵਜੂਦ ਜਾਇਦਾਦਾਂ ਨੂੰ ਜ਼ਬਤ ਕਰਨ ਬਾਰੇ ਆਮ ਲੋਕਾਂ ਵੱਲੋਂ ਕੋਈ ਇਤਰਾਜ਼ ਨਹੀਂ ਆਇਆ। ਅਦਾਲਤ ਨੇ ਕਿਹਾ ਕਿ ਈ ਡੀ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਦੀ ਨਿਰਣਾਇਕ ਅਥਾਰਟੀ (ਮਨੀ ਲਾਂਡਰਿੰਗ ਰੋਕਥਾਮ ਐਕਟ) ਵੱਲੋਂ ਪੁਸ਼ਟੀ ਕੀਤੀ ਗਈ ਅਤੇ ਦੋਸ਼ੀਆਂ ਨੂੰ ਅਦਾਲਤ ਨੇ ਕਾਨੂੰਨ ਦੀ ਪ੍ਰਕਿਰਿਆ ਤੋਂ ਬਚਣ ਲਈ ਭਗੌੜਾ ਐਲਾਨ ਕਰ ਦਿੱਤਾ ਹੈ। ਜ਼ਬਤ ਕਰਨ ਦਾ ਹੁਕਮ ਬਹੁ-ਕਰੋੜੀ ਸਿੰਥੈਟਿਕ ਨਾਰਕੋਟਿਕਸ ਰੈਕੇਟ ਨਾਲ ਸਬੰਧਤ ਹੈ, ਜੋ 2013-14 ਦੌਰਾਨ ਪੰਜਾਬ ਵਿੱਚ ਸਾਹਮਣੇ ਆਇਆ ਸੀ। ਈ ਡੀ ਨੇ ਇਸ ਮਾਮਲੇ ਵਿੱਚ ਹੁਣ ਤਕ 95 ਕਰੋੜ ਰੁਪਏ ਦੀ ਜਾਇਦਾਦ ਅਟੈਚ ਕੀਤੀ ਹੈ।

# ਅਮਰਿੰਦਰ ਵੱਲੋਂ ਭਾਰਤ ਦੀ ਮਰਦ ਹਾਕੀ ਟੀਮ ਨੂੰ ਗੁਆਚੀ ਸ਼ਾਨ ਮੁੜ ਬਹਾਲ ਕਰਨ ਲਈ ਥਾਪੜਾ

ਚੰਡੀਗੜ੍ਹ, 12 ਅਗਸਤ, (ਪੋਸਟ ਬਿਊਰੋ)- ਟੋਕੀਓ ਓਲੰਪਿਕਸ ਵਿੱਚ ਖੇਡਣ ਅਤੇ ਮੈਡਲ ਜਿੱਤਣ ਵਾਲੇ ਪੰਜਾਬ ਰਾਜ ਦੇ ਖਿਡਾਰੀਆਂ ਨੂੰ ਅੱਜ ਚੰਡੀਗੜ੍ਹ ਵਿੱਚਇੱਕ ਐਵਾਰਡ ਸਮਾਗਮ ਮੌਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਰਾਜ ਸਰਕਾਰ ਮੈਡਲ ਜੇਤੂਆਂ ਨੂੰ ਨੌਕਰੀਆਂ ਦੇਣ ਦੀ ਰੂਪ ਰੇਖਾ ਤਿਆਰ ਕਰੇਗੀ ਅਤੇ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਚੀਫ ਸੈਕਟਰੀ ਨੂੰ ਇਸ ਬਾਰੇ ਵੇਖਣ ਨੂੰ ਕਿਹਾ ਹੈ।

ਓਲੰਪਿਕ ਤਗਮਾ ਜੇਤੂਆਂ ਅਤੇ ਟੋਕੀਓ ਓਲੰਪਿਕ ਵਿੱਚ ਸ਼ਾਮਲ ਹੋਏ ਖਿਡਾਰੀਆਂ ਨੂੰ ਨਕਦ ਦੇਣ ਲਈ ਕੀਤੇ ਇਸ ਸਮਾਗਮ ਵਿੱਚ ਗਵਰਨਰ ਵੀ ਪੀ ਸਿੰਘ ਬਦਨੌਰ ਅਤੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਕਦ ਇਨਾਮੀ ਰਾਸ਼ੀ ਓਲੰਪਿਕ ਤਮਗਾ ਜੇਤੂਆਂ ਅਤੇ ਹੋਰ ਖਿਡਾਰੀਆਂ ਦੇ ਖਾਤਿਆਂ ਵਿੱਚ ਆਨਲਾਈਨ ਟ੍ਰਾਂਸਫਰ ਕੀਤੀ। ਇਸ ਮੌਕੇ ਭਾਰਤ ਦੀ ਮਹਿਲਾ ਹਾਕੀ ਟੀਮ ਦੀਆਂ ਖਿਡਾਰਨਾਂ ਨੇ ਮੁੱਖ ਮੰਤਰੀ ਨੂੰ ਸਾਰੀ ਟੀਮ ਦੇ ਮੈਂਬਰਾਂ ਦੇ ਦਸਖਤਾਂ ਨਾਲ ਸਨਮਾਨ ਤੇ ਧੰਨਵਾਦ ਦੇ ਪ੍ਰਤੀਕ ਵਜੋਂ ਇੱਕ ਹਾਕੀ ਸਟਿੱਕ ਵੀ ਭੇਟ ਕੀਤੀ। ਇਸ ਸਮਾਗਮ ਵਿੱਚ ਹੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੁਰਸ਼ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ ਡੀਐਸਪੀ ਤੋਂ ਪੰਜਾਬ ਪੁਲਿਸ ਵਿੱਚ ਐਸਪੀ ਵਜੋਂ ਤਰੱਕੀ ਦੇਣਦਾ ਐਲਾਨ ਕੀਤਾ।ਪੰਜਾਬ ਦੇ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਬਦਲੇਪੰਜਾਬ ਸਰਕਾਰ ਨੇ ਇਸ ਵਾਰ ਵਧਾਏ ਹੋਏ ਨਕਦ ਇਨਾਮ ਦੇਣ ਦਾ



ਫੈਸਲਾ ਕੀਤਾ। ਇਸ ਮੌਕੇ 10 ਕਾਂਸੀ ਤਮਗਾ ਜੇਤੂ ਪੁਰਸ਼ ਹਾਕੀ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਹੈ। ਟੋਕੀਓ ਓਲੰਪਿਕ ਵਿੱਚ ਪੰਜਾਬ ਦੇ 20 ਖਿਡਾਰੀ ਸਨ, ਜਿਨ੍ਹਾਂ ਵਿੱਚ ਹਾਕੀ ਟੀਮ (ਕਾਂਸੀ ਤਮਗਾ) ਦੇ ਮਨਪ੍ਰੀਤ ਸਿੰਘ (ਕਪਤਾਨ), ਮਨਦੀਪ ਸਿੰਘ, ਹਾਰਦਿਕ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰ-ਦਰਪਾਲ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ, ਕ੍ਰਿਸ਼ਨ ਪਾਠਕ, ਵਰੁਣ ਕੁਮਾਰ ਤੇ ਸਿਮਰਨਜੀਤ ਸਿੰਘ, ਅਥਲੈਟਿਕਸਦੇ ਤੇਜਿੰਦਰਪਾਲ ਸਿੰਘ ਤੂਰ (ਸ਼ਾਟਪੁੱਟ), ਕਮਲਪ੍ਰੀਤ ਕੌਰ (ਡਿਸਕਸ ਥ੍ਰੋਅ) ਤੇ ਗੁਰਪ੍ਰੀਤ ਸਿੰਘ (50 ਕਿਲੋਮੀਟਰ ਵਾਕਰ), ਮਹਿਲਾ ਹਾਕੀ ਟੀਮ(ਸੈਮੀਫਾਈਨਲ ਵਿੱਚ ਪਹੁੰਚੀ ਅਤੇ ਚੌਥੇ ਸਥਾਨ ਉੱਤੇ ਰਹੀ) ਵਿੱਚੋਂ ਗੁਰਜੀਤ ਕੌਰ, ਰੀਨਾ ਖੋਖਰ ਤੇ ਸ਼ੂਟਿੰਗ ਵਿੱਚਅੰਜੁਮ ਮੌਦਗਿੱਲ ਅਤੇ ਅੰਗਦਵੀਰ ਸਿੰਘ, ਮੁੱਕੇਬਾਜ਼ੀ ਤੋਂ ਸਿਮਰਨਜੀਤ ਕੌਰ ਸ਼ਾਮਲ ਹੋਏ ਅਤੇ ਚੰਗੀ ਕਾਰਗੁਜ਼ਾਰੀ ਦਿਖਾਈ ਸੀ।






# ਸੰਪਾਦਕੀ

## ਰਾਜ ਧਰਮ ਦੀ ਪਾਲਣਾ– ਚੋਣਾਂ ਦਾ ਸੰਭਾਵੀ ਐਲਾਨ

ਵੱਖੋ ਵੱਖਰੇ ਸ੍ਰੋਤਾਂ ਨੇ ਇਹ ਪ੍ਰਮਾਣਿਕ ਰੂਪ ਵਿੱਚ ਜ਼ਾਹਰ ਕੀਤਾ ਹੈ ਕਿ ਆਉਣ ਵਾਲੇ ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਗਵਰਨਰ ਜਨਰਲ ਮਾਣਯੋਗ ਮੇਰੀ ਸਾਈਮਨ ਨਾਲ ਮੁਲਾਕਾਤ ਕੀਤੀ ਜਾਵੇਗੀ ਅਤੇ ਪਾਰਲੀਮੈਂਟ ਨੂੰ ਭੰਗ ਕਰਕੇ ਚੋਣਾਂ ਕਰਵਾਏ ਜਾਣ ਦੀ ਸੁਝਾਅ ਦਿੱਤਾ ਜਾਵੇਗਾ। ਜੇ ਇਹ ਸੱਚ ਸਾਬਤ ਹੋਇਆ ਤਾਂ ਸਤੰਬਰ ਮਹੀਨੇ ਦੀ 20 ਤਾਰੀਕ ਨੂੰ ਅਸੀਂ ਵੋਟਾਂ ਪਾ ਕੇ ਅਗਲੀ ਸਰਕਾਰ ਚੁਣ ਰਹੇ ਹੋਵਾਂਗੇ। ਬੂਥਾਂ ਵਿੱਚ ਲਾਈਨਾਂ ਇਸ ਲਈ ਨਹੀਂ ਲੱਗਣਗੀਆਂ ਕਿ ਪਬਲਿਕ ਨੂੰ ਮੰਡਰਾ ਰਹੀ ਕੋਵਿਡ ਦੀ ਚੌਥੀ ਲਹਿਰ ਦੇ ਚੱਲਦੇ ਖੁਦ ਨੂੰ ਖਤਰੇ ਵਿੱਚ ਪਾਉਣਾ ਪਸੰਦ ਹੋਵੇਗਾ। ਇਹ ਤਾਂ ਪ੍ਰਧਾਨ ਮੰਤਰੀ ਟਰੂਡੋ ਦੀ ਮਰਜ਼ੀ ਹੈ ਕਿ ਉਸਨੂੰ ਬਹੁ-ਗਿਣਤੀ ਰੱਖਣ ਲਈ ਜਨਤਾ ਐਨੀ ਕੁ ਸੇਵਾਂ ਤਾਂ ਜਰੂਰ ਕਰੇ। ਇਸਤੋਂ ਪਹਿਲਾਂ ਰਾਜਾ ਜਨਤਾ ਦੀ ਸੇਵਾ ਕਰਨ ਦੇ ਯੋਗ ਬਣੇ, ਇਹ ਜਤਨਾ ਦਾ ਧਰਮ ਹੈ ਕਿ ਉਹ ਰਾਜੇ ਦਾ ਗੱਦੀ ਉੱਤੇ ਟਿਕਿਆ ਰਹਿਣਾ ਯਕੀਨੀ ਬਣਾਵੇ।

ਬੀਤੇ ਕੱਲ 12 ਅਗਸਤ ਨੂੰ Abacus Data ਦੁਆਰਾ ਜਾਰੀ ਸਰਵੇਖਣ ਅਨੁਸਾਰ ਜੇ ਅੱਜ ਚੋਣਾਂ ਪੈਣੀਆਂ ਹੋਣ ਤਾਂ 37% ਹਿੱਸਾ ਲਿਬਰਲਾਂ ਨੂੰ ਜਾਵੇਗਾ ਜਦੋਂ ਕਿ ਕੰਜ਼ਰਵੇਟਿਾਂ ਦੇ ਹੱਥ 28%, ਐਨ ਡੀ ਪੀ ਨੂੰ 20% ਅਤੇ ਗਰੀਨ ਪਾਰਟੀ ਨੂੰ 5% ਵੋਟਾਂ ਮਿਲਣ ਦੀ ਸੰਭਾਵਨਾ ਹੈ। ਇਸਦਾ ਅਰਥ ਹੈ ਕਿ ਲਿਬਰਲ ਪਾਰਟੀ ਲਈ ਹੁਣ ਚੋਣਾਂ ਦਾ ਐਲਾਨ ਕਰਨਾ ਸੱਭ ਤੋਂ ਵੱਧ ਮਹੱਤਵਪੂਰਣ ਹੈ ਸਿਵਾਏ ਇੱਕ ਅੜਿੱਕੇ ਦੇ। ਰੱਬ ਨਾ ਕਰੇ ਕਿ ਕੋਵਿਡ 19 ਦੀ ਚੌਥੀ ਲਹਿਰ ਉਹਨਾਂ ਦੀਆਂ ਗਿਣਤੀਆਂ ਮਿਣਤੀਆਂ ਨੂੰ ਭੰਬਲਭੂਸੇ ਵਿੱਚ ਪਾ ਦੇਵੇ। ਇਹੀ ਕਾਰਣ ਹੈ ਕਿ ਚੋਣਾਂ ਦਾ ਸਮਾਂ ਸਤੰਬਰ ਮੱਧ ਵਿੱਚ ਰੱਖਿਆ ਜਾਵੇਗਾ। ਉਸ ਵੇਲੇ ਐਨੀ ਠੰਡ ਨਹੀਂ ਆਈ ਹੋਵੇਗੀ ਕਿ ਕੋਵਿਡ ਚੌਥੀ ਲਹਿਰ ਬੇਕਾਬੂ ਹੋ ਕੇ ਸਾਹ-ਮਣੇ ਆਏ। ਸੋ ਵੱਡਾ ਸੁਆਲ ਕੈਨੇਡੀਅਨਾਂ ਦੀ ਸਿਹਤ ਦਾ ਨਹੀਂ ਸਗੋਂ ਕੋਵਿਡ ਦੇ ਜਿੰਨ ਤੋਂ ਸਹੀ ਸਮੇਂ ਉੱਤੇ ਲਾਭ ਲੈ ਕੇ ਬਹੁਮਤ ਹਾਸਲ ਕਰਨਾ ਹੈ।

ਲਿਬਰਲ ਪੱਖ ਤੋਂ ਵੇਖਿਆਂ ਗਰਮ ਲੋਹੇ ਉੱਤੇ ਹਥੌੜਾ ਮਾਰਨ ਦੇ ਕਈ ਕਾਰਣ ਹਨ। ਪਹਿਲਾ ਕਾਰਣ ਹੈ ਕਿ ਪਬਲਿਕ ਕੋਵਿਡ 19 ਦੇ ਲੰਬੇ ਸਮੇਂ ਤੋਂ ਤੰਗ ਆ ਕੇ ਕੁੱਝ ਨਵਾਂ ਅਨੁਭਵ ਕਰਨ ਦੇ ਮੂਡ ਵਿੱਚ ਹੈ। ਦੂਜਾ ਸਰਕਾਰ ਵੱਲੋਂ ਕੋਵਿਡ 19 ਨਾਲ ਸਿੱਝਣ ਵਾਸਤੇ ਵੰਡੇ ਗਏ ਗੱਫਿਆਂ ਨਾਲ ਪਬਲਿਕ ਦੇ ਮਨਾਂ ਵਿੱਚ ਨਰਮੀ ਆਈ ਹੋਈ ਹੈ ਹਾਲਾਂਕਿ ਇਹ ਸਾਰੇ ਗੱਫੇ ਵਿਰੋਧੀ ਪਾਰਟੀਆਂ ਦੀ ਸਹਿਮਤੀ ਨਾਲ ਨਿਰਧਾਰਤ ਕੀਤੇ ਗਏ ਸਨ। ਇਹਨਾਂ ਗੱਫਿਆਂ ਦੀ ਇੱਕ ਝਲਕ ਕਿ ਬੀਤੇ ਦਿਨੀਂ ਬਰੈਂਪਟਨ ਅਤੇ ਹੈਮਿਲਟਨ ਆਦਿ ਸ਼ਹਿਰਾਂ ਵਿੱਚ ਟਰੂਡੋ ਹੋਰਾਂ ਨੇ ਆ ਕੇ ਹਾਊਸਿੰਗ ਬਾਰੇ ਵੱਡੇ 2 ਐਲਾਨ ਕਰਨਾ ਸੀ। ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਹ ਨਿਵੇਸ਼ ਨਵੇਂ ਹਨ ਜਾਂ ਪੁਰਾਣੀ ਸ਼ਰਾਬ ਨੂੰ ਨਵੀਂ ਬੋਤਲ ਵਿੱਚ ਪਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਬਰਲਾਂ ਲਈ ਇਹ ਸਮਾਂ ਇਸ ਲਈ ਵੀ ਖਰਾ ਹੈ ਕਿਉਂਕਿ ਨਾ ਹੁਣ ਕੋਈ ਜੋਡੀ ਵਿਲਸਨ ਹੈ, ਨਾ ਕੋਈ SNC ਲਾਵਾਲਿਨ ਦਾ ਕਿੱਸਾ ਪਰੇਸ਼ਾਨ ਕਰਨ ਵਾਲਾ ਹੈ ਜੋ ਟਰੂਡੋ ਸਰਕਾਰ ਲਈ ਵੱਡੀ ਖਤਰੇ ਦੀ ਘੰਟੀ ਹੋਵੇ।

ਇੱਕ ਖਤਰੇ ਦੀ ਘੰਟੀ ਜਰੂਰ ਹੈ ਜੋ ਲਿਬਰਲ ਗੇਮ ਪਲਾਨ ਨੂੰ ਤਿੜਕਾ ਸਕਦੀ ਹੈ। ਪਿਛਲੇ ਹਫਤੇ ਨੈਨੋਜ਼ ਰੀਸਰਚ ਦੁਆਰਾ ਕੀਤੇ ਸਰਵੇਖਣ ਅਨੁਸਾਰ ਸਿਰਫ਼ 26% ਕੈਨੇਡੀਅਨ ਹਨ ਜੋ ਚੋਣਾਂ ਕਰਵਾਏ ਜਾਣ ਤੋਂ ਖੁਸ਼ ਹਨ ਅਤੇ 34% ਨੇ ਜਲਦੀ ਚੋਣਾਂ ਕਰਵਾਏ ਜਾਣ ਬਾਰੇ ਕੋਈ ਪੱਕੀ ਰਾਏ ਪੇਸ਼ ਨਹੀਂ ਕੀਤੀ। 37% ਕੈਨੇਡੀਅਨਾਂ ਨੇ ਕਿਹਾ ਕਿ ਉਹ ਕਿਸੇ ਬੂਥ ਵਿੱਚ ਜਾ ਕੇ ਵੋਟ ਪਾਉਣ ਦੀ ਥਾਂ ਡਾਕ ਰਾਹੀਂ ਵੋਟਾਂ ਪਾਉਣ ਨੂੰ ਤਰਜੀਹ ਦੇਣਗੇ। ਇਸਦਾ ਅਰਥ ਹੈ ਕਿ ਕੋਵਿਡ 19 ਕਾਰਣ ਵੱਡੀਆਂ ਚੋਣ ਰੈਲੀਆਂ ਕਰਨਾ ਮੁਸ਼ਕਲ ਹੋਵੇਗਾ ਜੋ ਕਿ ਲਿਬਰਲ ਪਾਰਟੀ ਦਾ ਟਰੇਡ ਮਾਰਕ ਹੈ।

ਵਰਤਮਾਨ ਵਿੱਚ ਪਾਰਲੀਮੈਂਟ ਵਿੱਚ ਲਿਬਰਲਾਂ ਕੋਲ 155, ਕੰਜ਼ਰਵੇਟਿਵ 119, ਬਲਾਕ ਕਿਉਬਿਕੋਆ 32 ਅਤੇ ਐਨ ਡੀ ਪੀ ਕੋਲ 24 ਸੀਟਾਂ ਹਨ। ਜਗਮੀਤ ਸਿੰਘ ਦੀ ਲੀਡਰਸ਼ਿੱਪ ਵਿੱਚ ਵੱਡੀ ਪੱਧਰ ਉੱਤੇ ਲੋਕ ਭਰੋਸਾ ਰੱਖਦੇ ਹਨ। ਉਸਦੀ ਕਾਰਗੁਜ਼ਾਰੀ ਕਾਰਣ ਜੋ ਵੱਧ ਸੀਟਾਂ ਐਨ ਡੀ ਪੀ ਨੂੰ ਮਿਲਣਗੀਆਂ, ਉਹ ਲਿਬਰਲ ਖੇਮੇ ਵਿੱਚੋਂ ਖਿਸਕਣਗੀਆਂ। ਕਿਉਬਿੱਕ ਵਿੱਚ ਬਲਾਕ ਕਿਉਬਿਕੋਆ ਨੂੰ ਪਿੱਛੇ ਛੱਡਣਾ ਲਿਬਰਲਾਂ ਲਈ ਔਖਾ ਹੋਵੇਗਾ ਪਰ ਅਸਲ ਹੈਰਾਨੀ ਕੰਜ਼ਰਵੇਟਿਵ ਆਗੂ ਐਰਿਨ ਓ ਟੂਲ ਪੈਦਾ ਕਰ ਸਕਦੇ ਹਨ। ਐਂਡਰੀਊ ਸ਼ੀਅਰ ਵਾਂਗੂੰ ਐਰਿਨ ਓ ਟੂਲ ਨੇ ਲਿਬਰਲਾਂ ਨੂੰ ਹਾਲੇ ਤੱਕ ਕੋਈ ਅਜਿਹਾ ਮੌਕਾ ਨਹੀਂ ਦਿੱਤਾ ਕਿ ਐਂਡਰੀਊ ਸ਼ੀਅਰ ਵਾਂਗੂੰ ਉਸਨੂੰ ਗਰਭਪਾਤ, ਐਲ ਜੀ ਬੀ ਟੀ ਕਿਊ (LGBTQ), ਔਰਤਾਂ ਆਦਿ ਦੇ ਹੱਕਾਂ ਉੱਤੇ ਘੇਰ ਸੱਕਣ। ਪਰ ਕੀ ਜਗਮੀਤ ਸਿੰਘ, ਐਰਿਨ ਓ ਟੂਲ ਹੋਰੀਂ ਟਰੂਡੋ ਨੂੰ ਅਸਲ ਮਾਅਨਿਆਂ ਵਿੱਚ ਚੁਣੌਤੀ ਦੇ ਸਕੱਣਗੇ, ਇਸਦਾ ਜਵਾਬ ਹਾਲੇ ਕਿਸੇ ਕੋਲ ਨਹੀਂ ਹੈ।

# ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਨੇ ਮੁੜ ਚੋਣ ਨਾ ਲੜਨ ਦਾ ਕੀਤਾ ਐਲਾਨ



ਵਿਨੀਪੈਗ, 12 ਅਗਸਤ (ਪੋਸਟ ਬਿਊਰੋ) : ਅਗਲੀਆਂ ਚੋਣਾਂ ਵਿੱਚ ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਮੁੜ ਖੜ੍ਹੇ ਨਹੀਂ ਹੋਣਾ ਚਾਹੁੰਦੇ ਪਰ ਉਹ ਹਾਲ ਦੀ ਘੜੀ ਆਫਿਸ ਵਿੱਚ ਬਣੇ ਰਹਿਣਗੇ।
ਮੰਗਲਵਾਰ ਦੁਪਹਿਰ ਨੂੰ ਪੈਲਿਸਤਰ ਨੇ ਬਰੈਂਡਨ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਫ ਮੈਨੀਟੋਬਾ ਕਾਕਸ ਦੀ ਹੋਈ ਮੀਟਿੰਗ ਵਿੱਚ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਨਵੇਂ ਲੀਡਰ ਤੇ ਪ੍ਰੀਮੀਅਰ ਦੀ ਚੋਣ ਕਰਨ ਦਾ ਸਮਾਂ ਆ ਗਿਆ ਹੈ, ਜਿਹੜਾ ਸਾਡੀ ਪ੍ਰੋਵਿੰਸ ਨੂੰ ਅੱਗੇ ਲਿਜਾ ਸਕੇ। ਉਨ੍ਹਾਂ ਆਖਿਆ ਕਿ ਉਹ ਅਗਲੀਆਂ ਚੋਣਾਂ ਨਹੀਂ ਲੜਨੀਆਂ ਚਾਹੁੰਦੇ।ਪੈਲਿਸਤਰ ਨੇ 2012 ਵਿੱਚ ਪਾਰਟੀ ਲੀਡਰਸ਼ਿਪ ਜਿੱਤੀ ਤੇ ਉਹ 2016 ਵਿੱਚ ਮੈਨੀਟੋਬਾ ਦੇ 22ਵੇਂ ਪ੍ਰੀਮੀਅਰ ਬਣੇ। 2019 ਵਿੱਚ ਉਹ ਮੁੜ ਪ੍ਰੀਮੀਅਰ ਚੁਣੇ ਗਏ।

ਪੈਲਿਸਤਰ ਨੇ ਆਖਿਆ ਕਿ ਇਸ ਮੌਕੇ ਅਹੁਦੇ ਤੋਂ ਪਾਸੇ ਹੋਣ ਨਾਲ ਪਾਰਟੀ ਮੈਂਬਰਾਂ ਕੋਲ ਨਵਾਂ ਆਗੂ ਚੁਣਨ ਲਈ ਕਾਫੀ ਸਮਾਂ ਹੋਵੇਗਾ। ਇਸ ਦੇ ਨਾਲ ਹੀ ਮੈਨੀਟੋਬਾ ਦੇ ਲੋਕ ਵੀ ਆਪਣੇ ਨਵੇਂ ਆਗੂ ਤੇ ਪ੍ਰੀਮੀਅਰ ਨੂੰ ਚੰਗੀ ਤਰ੍ਹਾਂ ਜਾਣ ਸਕਣਗੇ।ਪ੍ਰੀਮੀਅਰ ਨੇ ਇਹ ਨਹੀਂ ਆਖਿਆ ਕਿ ਉਹ ਕਿਸ ਸਮੇਂ ਅਹੁਦਾ ਛੱਡਣਗੇ ਤੇ ਨਾ ਹੀ ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਹੀ ਦਿੱਤੇ।ਪੈਲਿਸਤਰ ਦੇ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਉਹ ਪ੍ਰੀਮੀਅਰ ਬਣੇ ਰਹਿਣਗੇ ਪਰ ਉਨ੍ਹਾਂ ਪੀਸੀ ਪਾਰਟੀ ਨੂੰ ਨਵਾਂ ਆਗੂ ਚੁਣਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਆਖ ਦਿੱਤਾ ਹੈ। ਪੈਲਿਸਤਰ ਦੇ ਐਲਾਨ ਤੋਂ ਕੁੱਝ ਮਿੰਟ ਬਾਅਦ ਟਵਿੱਟਰ ਉੱਤੇ ਬਿਆਨ ਪੋਸਟ ਕਰਕੇ ਪੀਸੀ ਪਾਰਟੀ ਦੇ ਪ੍ਰੈਜ਼ੀਡੈਂਟ ਟੌਮ ਵੀਬੇਅ ਨੇ ਆਖਿਆ ਕਿ ਉਨ੍ਹਾਂ ਨੂੰ ਸਵੇਰੇ ਹੀ ਇਸ ਸੱਭ ਕਾਸੇ ਦਾ ਪਤਾ ਲੱਗਿਆ। ਉਨ੍ਹਾਂ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਪਾਰਟੀ ਦੀ ਐਗਜ਼ੈਕਟਿਵ ਕਾਊਂਸਲ ਦੀ ਮੀਟਿੰਗ ਰੱਖਕੇ ਲੀਡਰਸ਼ਿਪ ਚੋਣਾਂ ਲਈ ਨਿਯਮ ਸਪਸ਼ਟ ਕਰਨਗੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh
Photographer: Kanwaljit Singh Kanwal
Distributer: Aman Warraich
Marketing: Sajandeep Singh


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੋਨੀਆ ਗਾਂਧੀ ਨੇ ਵਿਰੋਧੀ ਆਗੂਆਂ ਦੀ 20 ਨੂੰ ਵਰਚੂਅਲ ਬੈਠਕ ਸੱਦੀ



ਨਵੀਂ ਦਿੱਲੀ, 12 ਅਗਸਤ, (ਪੋਸਟ ਬਿਊਰੋ)- ਭਾਰਤ ਵਿੱਚਵਿਰੋਧੀ ਪਾਰਟੀਆਂ ਦੀ ਸਿਆਸਤ ਦੀ ਕਮਾਨ ਕਾਂਗਰਸ ਦੇ ਹੱਥਾਂ ਵਿੱਚ ਰਹੇ, ਇਹ ਪੱਕਾ ਕਰਨ ਦੀ ਕੋਸ਼ਿਸ਼ ਵਿੱਚ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ 20 ਅਗਸਤ ਨੂੰ ਵਿਰੋਧੀ ਪਾਰਟੀਆਂ ਦੇ ਵੱਡੇ ਨੇਤਾਵਾਂ ਦੀ ਵਰਚੁਅਲ ਬੈਠਕ ਬੁਲਾਈ ਹੈ। ਇਸ ਵਿੱਚ ਕੌਮੀ ਪੱਧਰ ਉੱਤੇ ਵਿਰੋਧੀ ਧਿਰ ਨੂੰ ਮਜ਼ਬੂਤ ਕਰਨ ਦੇ ਨਾਲ ਇਕਜੁਟ ਹੋ ਕੇ ਭਾਜਪਾ ਖ਼ਿਲਾਫ਼ ਲੰਬੀ ਸਿਆਸੀ ਜੰਗ ਦੀ ਸਾਂਝੀ ਰਣਨੀਤੀ ਉੱਤੇ ਗੱਲਬਾਤ ਹੋਣ ਦੀ ਆਸ ਹੈ। ਵਿਰੋਧੀ ਧਿਰ ਨੂੰ ਇਕ ਮੰਚ ਉੱਤੇ ਲਿਆਉਣ ਦੀ ਇਸ ਪਹਿਲ ਲਈ ਕਾਂਗਰਸ ਲੀਡਰਸ਼ਿਪ ਦੀ ਸੋਚਣੀ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਸੋਨੀਆ ਗਾਂਧੀ ਨੇ ਮਮਤਾ ਬੈਨਰਜੀ, ਸ਼ਰਦ ਪਵਾਰ, ਊਧਵ ਠਾਕਰੇ, ਡੀ ਐੱਮ ਕੇ ਪਾਰਟੀ ਦੇ ਆਗੂ ਐੱਮਕੇ ਸਟਾਲਿਨ ਤਕ ਨੂੰ ਖ਼ੁਦ ਫੋਨ ਕਰ ਕੇ ਇਸ ਬੈਠਕ ਦਾ ਸੱਦਾ ਦਿੱਤਾ ਹੈ।
ਮਿਲੀ ਜਾਣਕਾਰੀ ਅਨੁਸਾਰ ਇਹ ਬੈਠਕ ਵਰਚੁਅਲ ਹੋਵੇਗੀ, ਜਿਸ ਦੌਰਾਨ ਸਿਆਸੀ ਮੁੱਦਿਆਂ ਉੱਤੇ ਚਰਚਾਕਰਨ ਦੇ ਨਾਲ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਇਕ ਮੰਚ ਉੱਤੇ ਜਲਦੀ ਇਕੱਠਾ ਹੋਣ ਦੀ ਤਰੀਕ ਵੀ ਤੈਅ ਹੋਵੇਗੀ। ਸੂਤਰਾਂ ਮੁਤਾਬਕ ਕਾਂਗਰਸ ਲੀਡਰਸ਼ਿਪ ਨੇ ਵਿਰੋਧੀ ਨੇਤਾਵਾਂ ਨੂੰ 23 ਤੋਂ 25 ਅਗਸਤ ਵਿਚਾਲੇ ਭੋਜਨ ਉੱਤੇ ਚਰਚਾ ਲਈ ਸੱਦਣ ਦੀ ਯੋਜਨਾ ਬਣਾਈ ਸੀ, ਪਰ ਕੁਝ ਨੇਤਾਵਾਂ ਦੇ ਰੁੱਝੇ ਹੋਣ ਕਾਰਨ ਲੰਚ ਜਾਂ ਡਿਨਰਦੀ ਥਾਂ ਵਰਚੁਅਲ ਬੈਠਕ ਬੁਲਾਉਣ ਉੱਤੇ ਸਹਿਮਤੀ ਬਣੀ ਹੈ। ਸੋਨੀਆ ਗਾਂਧੀ ਨੇ ਇਸ ਪਹਿਲ ਦੇ ਤਹਿਤ ਸਭ ਤੋਂ ਪਹਿਲਾਂ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਫੋਨ ਕੀਤਾ ਅਤੇ ਫਿਰ ਐੱਨ ਸੀ ਪੀ ਨੇਤਾ ਸ਼ਰਦ ਪਵਾਰ, ਡੀਐੱਮਕੇ ਪਾਰਟੀ ਦੇ ਮੁਖੀ ਅਤੇ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮਕੇ ਸਟਾਲਿਨ, ਸੀ ਪੀ ਆਈ ਐੱਮ ਦੇ ਜਨਰਲ ਸੈਕਟਰੀ ਸੀਤਾਰਾਮ ਯੇਚੁਰੀ ਨਾਲ ਗੱਲ ਕੀਤੀ। ਸੋਨੀਆ ਗਾਂਧੀ ਨੇ ਸ਼ਿਵਸੈਨਾ ਦੇ ਮੁਖੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੂੰ ਵੀ ਇਸ ਬੈਠਕ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਰਾਜਸਭਾ ਵਿੱਚ ਸ਼ਿਵਸੈਨਾ ਦੇ ਨੇਤਾ ਸੰਜੇ ਰਾਓਤ ਨੇ ਵੀਰਵਾਰ ਨੂੰ ਪੁਸ਼ਟੀ ਕੀਤੀ ਕਿ ਸੋਨੀਆ ਗਾਂਧੀ ਨੇ ਊਧਵ ਠਾਕਰੇ ਨਾਲ ਗੱਲ ਕਰ ਕੇ ਬੈਠਕ ਵਿੱਚਸੱਦਿਆ ਹੈ ਤੇ ਠਾਕਰੇ ਇਸ ਬੈਠਕ ਵਿੱਚਸ਼ਾਮਲ ਹੋਣਗੇ। ਸਮਾਜਵਾਦੀ ਪਾਰਟੀ ਨੂੰ ਵੀ ਇਸ ਬੈਠਕਲਈ ਸੱਦਾ ਭੇਜਿਆ ਗਿਆ ਹੈ, ਪਰ ਬਹੁਜਨ ਸਮਾਜ ਪਾਰਟੀ ਬਾਰੇ ਕਾਂਗਰਸ ਨੇ ਅਜੇ ਤਸਵੀਰ ਸਾਫ ਨਹੀਂ ਕੀਤੀ।

## ਤਾਲਿਬਨ ਦੇ ਬੁਲਾਰੇ ਵਾਂਗ ਇਮਰਾਨ ਬੋਲੇ: ਅਸ਼ਰਫ਼ ਗਨੀ ਦੇ ਰਾਸ਼ਟਰਪਤੀ ਰਹਿਣ ਤਕ ਅਫਗਾਨ ਸਰਕਾਰ ਨਾਲ ਤਾਲਿਬਾਨ ਗੱਲ ਨਹੀਂ ਕਰਨਗੇ

ਇਸਲਾਮਾਬਾਦ, 12 ਅਗਸਤ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਫਗਾਨਿਸਤਾਨ ਦੀ ਸਥਿਤੀ ਬਾਰੇ ਲੜਾਕੂ ਧਿਰ ਤਾਲਿਬਾਨ ਦੇ ਬੁਲਾਰੇ ਵਾਂਗ ਕਿਹਾ ਹੈ ਕਿ ਅਸ਼ਰਫ ਗਨੀ ਦੇ ਰਾਸ਼ਟਰਪਤੀ ਰਹਿੰਦਿਆਂ ਤੋਂਤਾਲਿਬਾਨ ਅਫ਼ਗਾਨ ਸਰਕਾਰ ਨਾਲ ਗੱਲ ਨਹੀਂ ਕਰਨਗੇ। ਉਨ੍ਹਾਂ ਨੇ ਵਿਦੇਸ਼ੀ ਪੱਤਰਕਾਰਾਂ ਨਾਲ ਗੱਲਬਾਤਦੌਰਾਨ ਕਿਹਾ ਕਿ ਅਫਗਾਨਿਸਤਾਨ ਵਿੱਚ ਮੌਜੂਦਾ ਹਾਲਾਤ ਵਿੱਚ ਸਿਆਸੀ ਹੱਲ ਦੀ ਆਸ ਬਹੁਤ ਘੱਟ ਹੈ।

ਸਮਾਚਾਰ ਏਜੰਸੀ ਦੇ ਮੁਤਾਬਕ ਵਿਦੇਸ਼ੀ ਪੱਤਰਕਾਰਾਂ ਨਾਲ ਗੱਲ ਕਰਦਿਆਂ ਇਮਰਾਨ ਖਾਨ ਨੇਆਖਿਆ ਕਿ ਜੰਗ ਪ੍ਰਭਾਵਿਤ ਅਫ਼ਗਾਨਿਸਤਾਨ ਵਿੱਚਪਾਕਿਸਤਾਨ ਨੂੰ ਅਮਰੀਕਾ ਸਿਰਫ਼ ਕੂੜਾ ਸਾਫ਼ ਕਰਨ ਵਿੱਚਵਰਤਣ ਵਾਲਾ ਸਮਝਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਭਾਰਤ ਨਾਲ ਰਣਨੀਤਕ ਸਾਂਝ ਵਧਾਉਣ ਦਾ ਫ਼ੈਸਲਾ ਕੀਤਾ ਅਤੇ ਪਾਕਿਸਤਾਨ ਨਾਲ ਵੱਖਰਾ ਵਿਹਾਰ ਕਰ ਰਿਹਾ ਹੈ।ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਬਣਨ ਦੇ ਬਾਅਦ ਤੋਂ ਜੋਅ ਬਾਇਡਨ ਨੇ ਹਾਲੇ ਤਕ ਇਮਰਾਨ ਖਾਨ ਨਾਲ ਫੋਨ ਉੱਤੇ ਗੱਲ ਨਹੀਂ ਕੀਤੀ। ਇਸ ਤੋਂ ਇਮਰਾਨ ਖਾਨ ਨਾਖੁਸ਼ ਹਨ। ਅਮਰੀਕਾ ਦੇ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਇੱਕ ਦਿਨ ਪਹਿਲਾਂ ਪਾਕਿਸਾਤਨ ਦੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਨਾਲ ਫੋਨ ਉੱਤੇ ਗੱਲ ਕਰ ਕੇ ਕਿਹਾ ਸੀ ਕਿ ਤਾਲਿਬਾਨ ਨੂੰ ਪਨਾਹ ਦੇਣਾ ਬੰਦ ਕਰਨ ਅਤੇ ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਉੱਤੇਤਾਲਿਬਾਨ ਦੀਆਂ ਸੁਰੱਖਿਅਤ ਪਨਾਹਗਾਹਾਂ ਨੂੰ ਰੋਕਣ ਲਈ ਕੁਝ ਕਰਨ।

ਅਫ਼ਗਾਨਿਸਤਾਨ ਵਿੱਚ ਕਬਜ਼ੇ ਲਈ ਤਾਲਿਬਾਨ ਦੇ ਹਮਲੇ ਵਿੱਚ ਪਾਕਿਸਤਾਨ ਦੇ ਅੱਤਵਾਦੀ ਸੰਗਠਨ ਵੀ ਸ਼ਾਮਲ ਹਨ। ਵਾਸ਼ਿੰਗਟਨ ਪੋਸਟ ਅਖਬਾਰਦੀ ਰਿਪੋਰਟ ਮੁਤਾਬਕ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਸਮੇਤ ਕਈ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਨੇ ਤਾਲਿਬਾਨ ਨੂੰ ਲੜਾਕਿਆਂ ਦੀ ਭਰਤੀ ਵਿੱਚਮਦਦ ਦੇਣ ਦਾ ਭਰੋਸਾ ਦਿੱਤਾ ਹੈ।

# ਰੈਜ਼ੀਡੈਂਸ਼ੀਅਲ ਸਕੂਲਾਂ ਸਬੰਧੀ ਖੋਜਬੀਣ ਉੱਤੇ ਫੈਡਰਲ ਸਰਕਾਰ ਖਰਚੇਗੀ ਹੋਰ 321 ਮਿਲੀਅਨ ਡਾਲਰ

ਓਟਵਾ, 12 ਅਗਸਤ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਮੰਗਲਵਾਰ ਨੂੰ ਐਲਾਨ ਕੀਤਾ ਗਿਆ ਕਿ ਉਹ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਸਬੰਧ ਵਿੱਚ ਹੋਣ ਵਾਲੀ ਖੋਜਬੀਣ ਲਈ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਉੱਤੇ 321 ਮਿਲੀਅਨ ਡਾਲਰ ਹੋਰ ਖਰਚਣ ਦਾ ਇਰਾਦਾ ਰੱਖਦੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਆਖਿਆ ਕਿ ਇਸ ਬਾਰੇ ਕੋਸ਼ਿਸ਼ ਕਰਨ ਵਾਲੀਆਂ ਇੰਡੀਜੀਨਸ ਕਮਿਊਨਿਟੀਜ਼ ਦੀ ਮਦਦ ਲਈ ਵੀ ਉਹ ਕੰਮ ਕਰਨਾ ਚਾਹੁੰਦੀ ਹੈ।

ਲਿਬਰਲ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਨਵੇਂ ਕਾਨੂੰਨੀ ਮਾਪਦੰਡਾਂ ਲਈ ਵਿਸ਼ੇਸ਼ ਵਾਰਤਾਕਾਰ ਨਿਯੁਕਤ ਕਰਨ ਬਾਰੇ ਵੀ ਉਹ ਵਿਚਾਰ ਕਰ ਰਹੀ ਹੈ। ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਅਸੀਂ ਸਮਝਦੇ ਹਾਂ ਕਿ ਅਜੇ ਇਸ ਪਾਸੇ ਕਾਫੀ ਕੰਮ ਕਰਨ ਵਾਲਾ ਪਿਆ ਹੈ।ਦੂਜੇ ਪਾਸੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸੰਭਾਵੀ ਫੈਡਰਲ ਚੋਣਾਂ ਦੇ ਮੱਦੇਨਜ਼ਰ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਐਲਾਨ ਕੀਤੇ ਜਾ ਰਹੇ ਹਨ।

ਸਰਕਾਰ ਵੱਲੋਂ ਕੀਤੇ ਗਏ ਐਲਾਨ ਵਿੱਚੋਂ 83 ਮਿਲੀਅਨ ਡਾਲਰ ਪਹਿਲਾਂ ਤੋਂ ਕੀਤੇ ਗਏ ਵਾਅਦੇ ਮੁਤਾਬਕ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ (ਟੀ ਆਰ ਸੀ) ਨੂੰ ਦਿੱਤੇ ਜਾਣ ਵਾਲੇ 33.8 ਮਿਲੀਅਨ ਡਾਲਰ ਵਿੱਚ ਹੀ ਸ਼ਾਮਲ ਕੀਤੇ ਜਾਣਗੇ। ਇਸ ਤਹਿਤ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਪੜ੍ਹਨ ਵਾਲੇ ਉਨ੍ਹਾਂ ਬੱਚਿਆਂ ਦੀ ਪਛਾਣ ਕੀਤੀ ਜਾਵੇਗੀ ਜਿਹੜੇ ਕਦੇ ਘਰ ਨਹੀਂ ਪਰਤੇ। ਇਸ ਫੰਡਿੰਗ ਨਾਲ ਰਿਕਾਰਡ ਮੇਨਟੇਨ ਕਰਨ ਤੇ ਆਰਕਾਈਵ ਦੇ ਕੰਮ ਵਿੱਚ ਮਦਦ ਕੀਤੀ ਜਾਵੇਗੀ।



ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਕੈਰੋਲਿਨ ਬੈਨੇਟ ਨੇ ਆਖਿਆ ਕਿ ਜਦੋਂ ਤੋਂ ਕੈਨੇਡੀਅਨਜ਼ ਨੂੰ ਸਾਡੇ ਸਾਂਝੇ ਇਤਿਹਾਸ ਬਾਰੇ ਪਤਾ ਲੱਗਿਆ ਹੈ ਵੱਧ ਤੋਂ ਵੱਧ ਕੈਨੇਡੀਅਨਜ਼ ਮੂਲਵਾਸੀ ਕਮਿਊਨਿਟੀਜ਼ ਦੀ ਮਦਦ ਲਈ ਹਰ ਸੰਭਵ ਰਾਹ ਲੱਭ ਰਹੇ ਹਨ। ਮਿਲਰ ਨੇ ਇਹ ਵੀ ਆਖਿਆ ਕਿ ਸਰਕਾਰ 107.3 ਮਿਲੀਅਨ ਡਾਲਰ ਇੰਡੀਜੀਨਸ ਕਮਿਊਨਿਟੀਜ਼ ਨੂੰ ਪੀੜ੍ਹੀ ਦਰ ਪੀੜ੍ਹੀ ਸਹੇ ਗਏ ਦਰਦ ਵਿੱਚੋਂ ਬਾਹਰ ਨਿਕਲਣ ਵਿੱਚ ਮਦਦ ਕਰਨ ਉੱਤੇ ਵੀ ਖਰਚ ਕਰੇਗੀ। ਇਸ ਦੇ ਨਾਲ ਹੀ 100 ਮਿਲੀਅਨ ਡਾਲਰ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਢਾਹੁਣ ਜਾਂ ਇਨ੍ਹਾਂ ਇਮਾਰਤਾਂ ਦਾ ਰੂਪ ਰੰਗ ਬਦਲਣ ਉੱਤੇ ਖਰਚ ਕੀਤਾ ਜਾਵੇਗਾ ਜਾਂ ਫਿਰ ਪੁਰਾਣੀਆਂ ਇਮਾਰਤਾਂ ਉੱਤੇ ਨਵੀਆਂ ਇਮਾਰਤਾਂ ਉਸਾਰੀਆਂ ਜਾਣਗੀਆਂ।

## ਮੁੱਲਾਂਪੁਰ ਗਰੀਬਦਾਸ ਦੇ ਜ਼ਮੀਨੀ ਟੋਟੇ ਦੀ ਲੜਾਈ ਅੱਧੀ ਸਦੀ ਪੁਰਾਣੀ


* ਹਾਈ ਕੋਰਟ ਨੇ ਸਟੇਟਸ-ਕੋ ਬਣਾਈ ਰੱਖਣ ਲਈ ਕਿਹਾ

ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਮੁਲਾਂਪੁਰ ਗਰੀਬਦਾਸ ਤੋਂ ਰਤਵਾੜਾ ਸਾਹਿਬ ਨੂੰ ਜਾਂਦੀ ਸੜਕ ਤੋਂ ਕੁਝ ਹਟਵੇਂ ਜ਼ਮੀਨ ਦੇ ਇੱਕ ਟੁੱਕੜੇ ਬਾਰੇ ਪਿੰਡ ਦੀ ਪੰਚਾਇਤ, ਜ਼ਮੀਨ ਦੇ ਕਬਜ਼ਾਧਾਰਕਾਂ ਅਤੇ ਇਸ ਜ਼ਮੀਨ ਨੂੰ ਖ਼ਰੀਦਣ ਵਾਲਿਆਂ ਦੀ ਕਾਨੂੰਨੀ ਲੜਾਈ 50 ਸਾਲ ਪੁਰਾਣੀ ਹੈ। ਇਸਦਾ ਵਿਵਾਦ 1983 ਵਿੱਚ ਉਦੋਂ ਸ਼ੁਰੂ ਹੋਇਆ ਸੀ, ਜਦੋਂ ਪਿੰਡ ਦੀ ਪੰਚਾਇਤ ਨੇ ਇਹ ਜ਼ਮੀਨ ਆਪਣਾ ਦੱਸ ਕੇ ਜ਼ਮੀਨ ਦੇ ਕਬਜ਼ਾ ਧਾਰਕਾਂ ਕਾਕਾ ਸਿੰਘ ਤੇ ਲਾਇਕ ਸਿੰਘ ਦੇ ਦਸਤਖ਼ਤ ਅਤੇ ਅੰਗੂਠੇ ਦੇ ਨਿਸ਼ਾਨ ਨੂੰਝੂਠਾ ਦਿਖਾ ਕੇ ਜ਼ਮੀਨ ਪੰਚਾਇਤ ਲਈ ਵਾਪਸ ਮੰਗੀ ਸੀ।

ਬਾਅਦ ਵਿੱਚ ਇਹ ਕੇਸ ਕੁਲੈਕਟਰ ਤੋਂ ਡਿਪਟੀ ਕਮਿਸ਼ਨਰ ਅਤੇ ਪੁਲਸ ਤਕ ਪਹੁੰਚਿਆ ਸੀ, ਪਰ ਪੰਚਾਇਤ ਵੱਲੋਂ ਜ਼ਮੀਨ ਦੇ ਕਬਜ਼ਾ ਧਾਰਕਾਂ ਦੇ ਪੇਸ਼ ਕੀਤੇ ਦਸਤਖ਼ਤ ਅਤੇ ਅੰਗੂਠੇ ਦੇ ਨਿਸ਼ਾਨ ਇੱਕ ਹੋਰ ਸਰਕਾਰੀ ਰਿਕਾਰਡ ਵਿੱਚ ਕੀਤੇ ਦਸਤਖ਼ਤ ਅਤੇ ਅੰਗੂਠੇ ਦੇ ਨਿਸ਼ਾਨ ਨਾਲ ਮੈਚ ਨਹੀਂ ਸਨ ਹੋਏ, ਫਿਰ ਵੀ ਕਾਕਾ ਸਿੰਘ ਅਤੇ ਲਾਇਕ ਸਿੰਘ ਦੇ ਪਰਵਾਰ ਦਾ ਹੀ ਜ਼ਮੀਨ ਉੱਤੇ ਕਬਜ਼ਾ ਰਿਹਾ ਸੀ। ਸਾਲ 2007 ਵਿੱਚ ਸਵਾ ਪੰਜ ਵਿਘੇ ਜ਼ਮੀਨ ਕਰਮਜੀਤ ਸਿੰਘ ਨੇ ਖ਼ਰੀਦੀ ਸੀ, ਜਿਸ ਦੀ ਰਜਿਸਟਰੀ ਵੀ ਹੋ ਗਈ ਸੀ। ਇਸ ਜ਼ਮੀਨ ਉੱਤੇ ਕਬਜ਼ੇ ਬਾਰੇ ਮੋਹਾਲੀ ਪੁਲਸ ਨੇ ਕਰਮਜੀਤ ਦੇ ਖ਼ਿਲਾਫ਼ ਕੇਸ ਦਰਜ਼ ਕੀਤਾ ਸੀ, ਪਰ ਬਾਅਦ ਵਿੱਚ ਡਿਪਟੀ ਕਮਿਸ਼ਨਰ ਮੋਹਾਲੀ ਨੇ ਜ਼ਮੀਨ ਦੀ ਰਜਿਸਟਰੀ ਨੂੰ ਯੋਗ ਦੱਸਿਆ ਸੀ, ਜਿਸ ਦੀ ਰਿਪੋਰਟ ਐਸ ਐਸ ਪੀ ਮੋਹਾਲੀ ਨੂੰ ਦੇ ਦਿੱਤੀ ਗਈ ਸੀ। ਫਿਰ ਇਹ ਕੇਸ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਦੇ ਡਾਇਰੈਕਟਰ ਕੋਲ ਗਿਆ ਤਾਂ ਉਨ੍ਹਾਂ ਨੇ ਜ਼ਮੀਨ ਨਾਲ ਸਬੰਧਤ ਸਾਰਾ ਪੁਰਾਣਾ ਰਿਕਾਰਡ ਦੇਖਣ ਪਿੱਛੋਂ ਆਦੇਸ਼ ਦਿੱਤੇ ਸਨ ਕਿ ਪੰਚਾਇਤ ਅਜਿਹਾ ਕੋਈ ਸਬੂਤ ਪੇਸ਼ ਨਹੀਂ ਕਰ ਸਕੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇਹ ਜ਼ਮੀਨ ਪੰਚਾਇਤੀ ਹੈ ਜਾਂ ਰਤਵਾੜਾ ਸਾਹਿਬ ਨੂੰ ਜਾਂਦੀ ਸੜਕ ਨੂੰ ਛੱਡ ਕੇ ਜ਼ਮੀਨ ਜਨਤਕਵਰਤੋਂਲਈ ਹੈ ਜਿੱਥੇ ਸਕੂਲ, ਚੌਂਕ, ਖੇਡ ਮੈਦਾਨ, ਗਲੀ, ਪੌਂਡ ਬਣਾਉਣ ਦਾ ਪ੍ਰਬੰਧ ਵੀ ਨਹੀਂ ਹੈ।

ਬਾਅਦ ਵਿੱਚ ਹਾਈ ਕੋਰਟ ਵਿੱਚ 27 ਜੁਲਾਈ ਨੂੰ ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਡਾਇਰੈਕਟਰ ਦੀ ਉਕਤ ਰਿਪੋਰਟ ਪੇਸ਼ ਕਰ ਦਿੱਤੀ ਗਈ, ਪਰ ਇਸ ਰਿਪੋਰਟ ਨੂੰ ਪੰਚਾਇਤ ਨੇ ਫਿਰ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ, ਜਿਸਦੇ ਬਾਅਦ ਕੋਰਟ ਨੇ ਉਕਤ ਜ਼ਮੀਨ ਨੂੰ ਲੈ ਕੇ ਸਟੇਟਸ-ਕੋ ਬਣਾਈ ਰੱਖਣ ਅਤੇ ਉਸਾਰੀ ਉਦੋਂ ਤੱਕ ਨਾ ਕਰਨ ਨੂੰ ਕਿਹਾ ਹੈ, ਜਦੋਂ ਤਕ ਮਾਮਲੇ ਦਾ ਨਿਪਟਾਰਾ ਨਹੀਂ ਹੋ ਜਾਂਦਾ।

# ਭਾਈ ਕਾਨ੍ਹ ਸਿੰਘ ਨਾਭਾ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਕਿਤਾਬ 'ਗੀਤਾਂਜਲੀ ਹਰੀਵ੍ਰਿਜੇਸ਼' ਪ੍ਰਕਾਸ਼ਿਤ



ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ) ਨਵਯੁਗ ਪਬਲਿਸ਼ਰਜ਼ ਦਿੱਲੀ ਵੱਲੋ ਪੰਜਾਬੀ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਕਵਿਤਾਵਾਂ ਦੇ ਸੰਗ੍ਰਹਿ ਨੂੰ ਪੁਸਤਕ ਰੂਪ ਚ 'ਗੀਤਾਂਜਲੀ ਹਰੀਵ੍ਰਿਜੇਸ਼' ਟਾਈਟਲ ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ। ਨਵਯੁਗ ਪਬਲਿਸ਼ਰਜ਼ ਦਿੱਲੀ ਵੱਲੋਂ ਭੇਜੀ ਜਾਣਕਾਰੀ ਅਨੁਸਾਰ ਇਸ ਪੁਸਤਕ ਦੀ ਸੰਪਾਦਨਾ ਅਤੇ ਕਵਿਤਾਵਾਂ ਦੇ ਭਾਵ ਅਰਥ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿਦਵਾਨ ਡਾ. ਰਵਿੰਦਰ ਕੌਰ ਰਵੀ ਅਤੇ ਡਾ. ਜਗਮੇਲ ਸਿੰਘ ਭਾਠੂਆਂ ਵੱਲੋਂ ਕੀਤੇ ਗਏ ਹਨ। ਇਸ ਤੋਂ ਪਹਿਲਾਂ ਵੀ ਡਾ. ਰਵੀ ਅਤੇ ਡਾ. ਭਾਠੂਆਂ ਵਲੋਂ ਭਾਈ ਕਾਨ੍ਹ ਸਿੰਘ ਨਾਭਾ ਨਾਲ ਸੰਬੰਧਿਤ ਪੁਸਤਕਾਂ 'ਬਿਖਰੇ ਮੋਤੀ' ਅਤੇ 'ਇਤਿਹਾਸ ਖਾਨਦਾਨ ਬਾਗੜੀਆਂ' ਨਵਯੁਗ ਪਬਲਿਸ਼ਰਜ਼ ਲਈ ਤਿਆਰ ਕੀਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ 'ਗੀਤਾਂਜਲੀ ਹਰੀਵ੍ਰਿਜੇਸ਼' ਪੁਰਾਤਨ ਕਵਿਤਾਵਾਂ ਦਾ ਉਹ ਸੰਗ੍ਰਹਿ ਹੈ,ਜੋ ਭਾਈ ਕਾਨ੍ਹ ਸਿੰਘ ਨਾਭਾ ਆਪਣੇ ਜੀਵਨ ਕਾਲ ਦੌਰਾਨ ਵਖ ਵਖ ਅਖ਼ਬਾਰਾਂ ਮੈਗਜ਼ੀਨਾਂ ਲਈ ਸਮੇ ਸਮੇ ਅਨੁਸਾਰ ਲਿਖਦੇ ਰਹੇ ਹਨ। 'ਗੀਤਾਂਜਲੀ ਹਰੀਵ੍ਰਿਜੇਸ਼' ਪੁਸਤਕ ਦਾ ਵਿਧੀਵਤ ਵਿਮੋਚਨ ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ,ਪਟਿਆਲਾ ਵਿਖੇ ਵਾਈਸ ਚਾਂਸਲਰ ਡਾ. ਅਰਵਿੰਦ ਵਲੋਂ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਨੇ ਵੀ ਸ਼ਮੂਲੀਅਤ ਕੀਤੀ ਅਤੇ ਖੁਦ ਵਾਈਸ ਚਾਂਸਲਰ ਸਾਹਿਬ ਵੱਲੋਂ ਪੁਸਤਕ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਦੀ ਹਿੰਦੀ ਭਾਸ਼ਾ ਦੀ ਇਕ ਕਾਵਿ ਰਚਨਾ 'ਆਯੋ ਗੁਰੂ ਨਾਨਕ ਅਲੌਕਿਕ ਬਸੰਤ' ਪੁਸਤਕ 'ਗੀਤਾਂਜਲੀ ਹਰੀਵ੍ਰਿਜੇਸ਼' ਵਿਚੋਂ ਪੜ੍ਹਕੇ ਸੁਣਾਈ ਅਤੇ ਇਸ ਸ਼ੁੱਭ ਕਾਰਜ ਲਈ ਮੁਬਾਰਕਬਾਦ ਦਿੱਤੀ। ਉਨਾਂ ਦੱਸਿਆ ਕਿ ਸਾਡੇ ਪੁਰਤਨ ਪੰਜਾਬੀ ਵਿਦਵਾਨ ਆਪਣੀ ਮਾਂ ਬੋਲੀ ਤੋਂ ਇਲਾਵਾ ਹਿੰਦੀ ਆਦਿ ਦੂਜੀਆਂ ਭਾਸ਼ਾਵਾਂ ਨੂੰ ਵੀ ਮਾਣ ਬਖਸ਼ਦੇ ਸਨ ।

ਵਰਨਣਯੋਗ ਹੈ ਕਿ ਬਹੁਪੱਖੀ ਪ੍ਰਤਿੱਭਾ ਦੇ ਮਾਲਕ ਭਾਈ ਕਾਨ੍ਹ ਸਿੰਘ ਨਾਭਾ(1861-1938 ) ਦੀ ਸਾਹਿਤਕ ਦਿਲਚਸਪੀ ਦਾ ਘੇਰਾ ਅਤਿ ਵਿਸ਼ਾਲ ਸੀ।ਉਨ੍ਹਾਂ ਦੁਆਰਾ ਤਿਆਰ ਕੀਤਾ ਗਿਆ 'ਇਨਸਾਇਕਲੋਪੀਡੀਆ ਆਫ ਸਿੱਖ ਲਿਟਰੇਚਰ ' ਗੁਰੁਸ਼ਬਦ ਰਤਨ-ਾਕਰ ਮਹਾਨਕੋਸ਼ ;ਪੰਜਾਬੀ ਕੋਸ਼ਕਾਰੀ ਦੇ ਰਸਤੇ 'ਚ ਇਕ ਮੀਲ ਪੱਥਰ ਹੈ ;ਪਰ ਉਨ੍ਹਾਂ ਆਪਣੇ ਸਾਹਿਤਕ ਸਫਰ ਦਾ ਆਰੰਭ ਕਵਿਤਾ ਰਾਹੀਂ ਕੀਤਾ।ਜੀਵਨ ਦੇ ਆਰੰਭਲੇ ਦਿਨਾਂ ਚ ਕਾਨ੍ਹ ਸਿੰਘ ਨੇ ਭਾਈ ਭਗਵਾਨ ਸਿੰਘ ਦੁਗਾਂ ਵਾਲੇ ਤੇ ਭਾਈ ਵੀਰ ਸਿੰਘ ਜਲਾਲਕੇ ਪਾਸੋਂ ਕਵਿਤਾ ਰਚਨ ਦੀ ਸਿਖਿਆ ਲੈ ਕੇ ਹਾਸ-ਰਸੀ ਕਵਿਤਾ ਲਿਖਣੀ ਆਰੰਭ ਕੀਤੀ ।'ਗੀਤਾਂਜਲੀ ਹਰੀਵ੍ਰਿਜੇਸ਼' ਭਾਈ ਕਾਨ੍ਹ ਸਿੰਘ ਨਾਭਾ ਦੀਆਂ ਕਵਿਤਾਵਾਂ ਦਾ ਵਡਮੁੱਲਾ ਸੰਗ੍ਰਹਿ ਹੈ;ਇਸ ਖਜ਼ਾਨੇ ਨੂੰ ਡਾ. ਰਵਿੰਦਰ ਕੌਰ ਰਵੀ ਅਤੇ ਡਾ. ਜਗਮੇਲ ਸਿੰਘ ਭਾਠੂਆਂ ਨੇ ਪੁਸਤਕ ਰੂਪ ਵਿਚ ਸੰਭਾਲਿਆ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge




Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training





ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਮੁੜ ਚੜ੍ਹਿਆ ਭਾਰਤ ਹਾਕੀ ਦਾ ਛਿਪਿਆ ਹੋਇਆ ਸੂਰਜ



-ਪ੍ਰਿੰ. ਸਰਵਣ ਸਿੰਘ-

ਭਾਰਤੀ ਹਾਕੀ ਦਾ ਸੂਰਜ 41 ਸਾਲਾਂ ਤੋਂ ਛਿਪਿਆ ਹੋਇਆ ਸੀ। ਟੋਕੀਓ ਓਲੰਪਿਕ ਵਿਚ ਇਹ ਮੁੜ ਉਦੇ ਹੋਇਆ ਹੈ। ਰੌਸ਼ਨੀ ਦੀਆਂ ਸੁਨਹਿਰੀ ਕਿਰਨਾਂ ਮੁੜ ਲਿਸ਼ਕੀਆਂ ਹਨ। ਸੁੱਤਾ ਸੁਫਨਾ ਫਿਰ ਜਾਗ ਪਿਆ ਹੈ। ਹਾਕੀ ਦਾ ਉਜੜਿਆ ਬਾਗਮੁੜ ਮਹਿਕਿਆ ਹੈ। ਟੋਕੀਓ ਓਲੰਪਿਕ ਵਿਚ ਖੇਡੇ ਭਾਰਤੀ ਹਾਕੀ ਖਿਡਾਰੀਆਂ ਤੇ ਖਿਡਾਰਨਾਂ ਦੇ ਘਰੀਂ ਅਤੇ ਪਿੰਡਾਂ ਸ਼ਹਿਰਾਂ ਵਿਚ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਦੇਸ਼ ਭਰ ਵਿਚ ਹਾਕੀ ਦੀ ਬੱਲੇ ਬੱਲੇ ਹੋ ਰਹੀ ਹੈ। ਹਾਕੀ ਮੈਦਾਨਾਂ ਵਿਚ ਘਿਉ ਦੇ ਦੀਵੇ ਬਾਲੇ ਗਏ ਹਨ। ਖਿਡਾਰੀਆਂ ਨੂੰ ਨਕਦ ਇਨਾਮ, ਮਾਣ ਸਨਮਾਨ ਤੇ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਭਾਵੇਂ ਭਾਰਤ ਦੀਆਂ ਦੋਹਾਂ ਟੀਮਾਂ ਵਿਚੋਂ ਕੋਈ ਟੀਮ ਸੋਨੇ ਜਾਂ ਚਾਂਦੀ ਦਾ ਤਗ਼ਮਾ ਨਹੀਂ ਜਿੱਤ ਸਕੀ ਪਰ ਗਭਰੂਆਂ ਦੀ ਟੀਮ ਵੱਲੋਂ ਕਾਂਸੀ ਦਾ ਤਗ਼ਮਾ ਜਿੱਤਣਾ ਅਤੇ ਮੁਟਿਆਰਾਂ ਦੀ ਟੀਮ ਵੱਲੋਂ ਚੌਥੇ ਸਥਾਨ 'ਤੇ ਆਉਣਾ ਗੋਲਡ ਮੈਡਲ ਜਿੱਤਣ ਤੋਂ ਘੱਟ ਨਹੀਂ ਸਮਝੇ ਜਾ ਰਹੇ। ਕੋਈ ਪੁੱਛ ਸਕਦੈ, ਏਡੇ ਚਾਅ-ਉਤਸ਼ਾਹ ਤੇ ਹੁਲਾਸ ਦਾ ਕੀ ਕਾਰਨ ਹੈ? ਕੀ ਕਾਰਨ ਹੈ ਭਾਰਤੀ ਖਿਡਾਰੀਆਂ ਤੇ ਖਿਡਾਰਨਾਂ ਦੇ ਜਿੱਤਣ ਵੇਲੇ ਹਾਸੇ ਖੇੜੇਖਿੜਦੇ ਰਹੇਅਤੇ ਹਾਰਨ ਵੇਲੇ ਹੰਝੂਆਂ ਦੀਆਂ ਧਾਰਾਂ ਵੀ ਵਹਿਣੋਂ ਨਾ ਰੁਕ ਸਕੀਆਂ। ਕਹਿਣ ਨੂੰ ਜਿੱਤ-ਹਾਰ ਬਰਾਬਰ ਕਹੀ ਜਾਂਦੀ ਹੈ ਪਰ ਬੜਾ ਫਰਕ ਹੁੰਦਾ ਹੈ ਹਾਰ ਤੇ ਜਿੱਤ ਦਾ। ਪਿੰਡਾਂ ਦੀਆਂ ਪੇਂਡੂ ਖੇਡਾਂ ਤੋਂ ਵਿਸ਼ਵ ਦੀਆਂ ਓਲੰਪਿਕ ਖੇਡਾਂ ਤਕ ਇਸ ਫਰਕ ਦੇ ਪਰਤੱਖ ਦਰਸ਼ਨ ਹੁੰਦੇ ਹਨ ਜੋ ਟੋਕੀਓ ਵਿਚ ਵੀ ਹੋਏ।

1928 ਤੋਂ 1980 ਤਕ ਹਾਕੀ ਦੀ ਦੁਨੀਆ ਵਿਚ ਭਾਰਤ ਮੀਰੀ ਮੰਨਿਆ ਜਾਂਦਾ ਸੀ। ਇਸ ਦੌਰਾਨ 12 ਓਲੰਪਿਕ ਖੇਡਾਂ ਹੋਈਆਂ ਜਿਨ੍ਹਾਂ ਵਿਚੋਂ ਭਾਰਤੀ ਹਾਕੀ ਟੀਮਾਂ ਨੇ 8 ਸੋਨ ਤਗ਼ਮੇ, 1 ਚਾਂਦੀ ਤੇ 2 ਤਾਂਬੇ ਦੇ ਤਗ਼ਮੇ ਜਿੱਤੇ ਸਨ। ਕੇਵਲ 1976 ਦੀ ਓਲੰਪਿਕ ਵਿਚੋਂ ਕੋਈ ਤਗ਼ਮਾ ਨਹੀਂ ਸੀ ਜਿੱਤਿਆ ਕਿਉਂਕਿ ਯੂਰਪ ਦੇ ਹਾਕੀ ਅਧਿਕਾਰੀ ਕੁਦਰਤੀ ਘਾਹ ਵਾਲੇ ਖੇਡ ਮੈਦਾਨ ਦੀ ਥਾਂ ਮਸਨੂਈ ਆਸਟਰੋ ਟਰਫ਼ ਲੈ ਆਏ ਸਨ। ਜਦੋਂ ਤਕ ਭਾਰਤ ਹਾਕੀ ਰਾਹੀਂ ਦੁਨੀਆ ਉਤੇ ਲੱਤ ਫੇਰਦਾ ਰਿਹਾ ਉਦੋਂਤਕ ਭਾਰਤ ਹਾਕੀ ਦੀ ਖੇਡ ਨੂੰ ਆਪਣੀ ਕੌਮੀ ਖੇਡ ਮੰਨਦਾਰਿਹਾ। ਫਿਰ ਆਮ ਭਾਰਤ ਵਾਸੀਆਂ ਦਾ ਧਿਆਨ ਕ੍ਰਿਕਟ ਵੱਲ ਕਰ ਦਿੱਤਾ ਗਿਆ। ਕ੍ਰਿਕਟ ਵਿਚ ਅਰਬਾਂ ਖਰਬਾਂ ਰੁਪਏ ਆ ਗਏ। ਲੱਖਾਂ ਕਰੋੜਾਂ ਰੁਪਈਆਂ ਨਾਲ ਖਿਡਾਰੀ ਖਰੀਦੇ ਤੇ ਵੇਚੇ ਜਾਣ ਲੱਗੇ। 'ਭਾਰਤ ਦੇ ਰਤਨ'ਹਾਕੀ ਦੇ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਖਿਡਾਰੀ ਨਹੀਂ, ਕ੍ਰਿਕਟ ਦੇ ਚੌਕੇ ਛਿੱਕੇ ਮਾਰਨ ਵਾਲੇ ਮੰਨੇ ਜਾਣ ਲੱਗੇ।

ਕ੍ਰਿਕਟ ਦੇ ਹਾਵੀ ਹੋ ਜਾਣ ਨਾਲਭਾਰਤੀ ਹਾਕੀ ਦਾ ਅੱਧੀ ਸਦੀ ਤੋਂ ਲਿਸ਼ਕਦਾ ਸੂਰਜ ਐਸਾ ਅਸਤ ਹੋਇਆ ਕਿ ਲਗਾਤਾਰ ਨੌਂ ਓਲੰਪਿਕ ਖੇਡਾਂ ਵਿਚ ਨਾ ਤਿਰੰਗਾ ਲਹਿਰਾਇਆ ਜਾ ਸਕਿਆ ਤੇ ਨਾ ਜਨ ਗਨ ਮਨ ਗੂੰਜਿਆ।41 ਸਾਲਾਂ ਤੋਂ ਭਾਰਤੀ ਹਾਕੀ ਟੀਮ ਕਿਸੇ ਵੀ ਤਗ਼ਮੇ ਲਈਵਿਕਟਰੀ ਸਟੈਂਡ 'ਤੇ ਚੜ੍ਹਨ ਜੋਗੀ ਨਾ ਹੋਈ। ਏਥੋਂ ਤਕ ਕਿ ਫਾਡੀ ਵੀ ਰਹਿੰਦੀ ਰਹੀ ਤੇ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਕੁਆਲੀਫਾਈ ਵੀ ਨਾ ਕਰ ਸਕੀ। 41 ਸਾਲ ਨਾ ਸਿਰਫ਼ ਓਲੰਪਿਕ ਖੇਡਾਂ ਵਿਚ ਬਲਕਿ ਵਰਲਡ ਹਾਕੀ ਕੱਪ ਜਾਂ ਚੈਂਪੀਅਨਜ਼ ਟਰਾਫੀ ਦੇ ਜਿੱਤ-ਮੰਚ 'ਤੇ ਵੀ ਨਹੀਂ ਚੜ੍ਹ ਸਕੀ। ਅੱਧੀ ਸਦੀ ਤਕ ਹਾਕੀ ਦੀਆਂ ਪੁਰਾਣੀਆਂ ਸ਼ਾਨਦਾਰ ਜਿੱਤਾਂ ਤੇ ਅੱਧੀ ਸਦੀ ਦੇ ਨੇੜ ਦੀਆਂ ਨਮੋਸ਼ੀ ਭਰੀਆਂ ਹਾਰਾਂ ਪਿੱਛੋਂ ਹੁਣ ਹਾਕੀ ਦੇ ਵਿਕਟਰੀ ਸਟੈਂਡ 'ਤੇ ਚੜ੍ਹਨਾ ਜਾਂ ਚੜ੍ਹਨ ਦੇ ਨੇੜੇ ਖੜ੍ਹਨਾ ਚਾਵਾਂ ਮਲ੍ਹਾਰਾਂ ਦੇ ਖੇੜੇ ਨਾ ਲਿਆਉਂਦਾ ਤਾਂ ਹੋਰ ਕੀ ਲਿਆਉਂਦਾ? ਜਿਨ੍ਹਾਂ ਨੇ ਟੋਕੀਓ ਦੇ ਹਾਕੀ ਮੈਚ ਟੀਵੀ ਤੋਂ ਅੱਖੀਂ ਵੇਖੇ ਹਨ ਉਨ੍ਹਾਂ ਤੋਂ ਪੁੱਛੋ ਕਿਵੇਂ ਉਨ੍ਹਾਂ ਦਾ ਸੇਰ ਸੇਰ ਲਹੂ ਵਧਿਆ? ਭਾਰਤੀ ਖਿਡਾਰੀ ਜਿੱਤੇ ਵੀ ਸ਼ਾਨ ਨਾਲ ਤੇ ਹਾਰੇ ਤਾਂ ਵੀ ਜੁਝਾਰੂਆਂ ਵਾਂਗ। ਹੁਣ ਉਨ੍ਹਾਂ ਨੇ ਹਾਕੀ ਦੀ ਖੇਡ ਨੂੰ ਮੁੜ ਕੌਮੀ ਖੇਡ ਬਣਨ ਦੇ ਰਾਹ ਪਾ ਦਿੱਤਾ ਹੈ।

ਟੋਕੀਓ ਹਾਕੀ ਦੇ ਮੁਕਾਬਲਿਆਂ ਵਿਚ ਬੈਲਜੀਅਮ ਦੀ ਹਾਕੀ ਟੀਮ ਪਹਿਲੇ, ਆਸਟ੍ਰੇਲੀਆ ਦੂਜੇ, ਭਾਰਤ ਤੀਜੇ ਤੇ ਜਰਮਨੀ ਦੀ ਟੀਮ ਚੌਥੇ ਥਾਂ ਰਹੀ। ਔਰਤਾਂ ਦੇ ਮੁਕਾਬਲਿਆਂ ਵਿਚ ਨੀਦਰਲੈਂਡਜ਼ ਪਹਿਲੇ, ਅਰਜਨਟੀਨਾ ਦੂਜੇ, ਬਰਤਾਨੀਆ ਤੀਜੇ ਤੇ ਭਾਰਤ ਚੌਥੀ ਥਾਂ ਰਹੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਹੁਣ ਤਕ ਮਰਦਾਂ ਦੀਆਂ ਹਾਕੀ ਟੀਮਾਂ ਦੇ 24 ਵਾਰ ਮੁਕਾਬਲੇ ਹੋਏ ਹਨ ਜਿਨ੍ਹਾਂ ਵਿਚੋਂ ਭਾਰਤ ਨੇ 8 ਗੋਲਡ ਮੈਡਲ, ਪਾਕਿਸਤਾਨ ਨੇ 3, ਬਰਤਾਨੀਆ 3, ਜਰਮਨੀ 3, ਨੀਦਰਲੈਂਡਜ਼ 2, ਆਸਟ੍ਰੇਲੀਆ 1, ਵੈਸਟ ਜਰਮਨੀ 1, ਅਰਜਨਟੀਨਾ 1, ਨਿਊਜ਼ੀਲੈਂਡ 1 ਅਤੇ ਬੈਲਜੀਅਮ ਨੇ 1 ਗੋਲਡ ਮੈਡਲ ਜਿੱਤਿਆ ਹੈ। ਔਰਤਾਂ ਦੀਆਂ ਹਾਕੀ ਟੀਮਾਂ ਦੇ ਓਲੰਪਿਕ ਖੇਡਾਂ ਵਿਚ 1980 ਤੋਂ ਹੁਣ ਤਕ 11 ਵਾਰ ਓਲੰਪਿਕ ਮੁਕਾਬਲੇ ਹੋਏ ਹਨ। ਉਨ੍ਹਾਂ ਵਿਚੋਂ ਨੀਦਰਲੈਂਡਜ਼ ਨੇ 4 ਗੋਲਡ ਮੈਡਲ, ਆਸਟ੍ਰੇਲੀਆ 3, ਜਰਮਨੀ 1, ਬਰਤਾਨੀਆ 1, ਜ਼ਿੰਬਾਵੇ 1 ਅਤੇ ਸਪੇਨ ਨੇ 1 ਗੋਲਡ ਮੈਡਲ ਜਿੱਤਿਆ ਹੈ। ਭਾਰਤ ਦੀ ਹਾਕੀ ਟੀਮ ਟੋਕੀਓ ਵਿਚ ਪਹਿਲੀ ਵਾਰ ਸੈਮੀ ਫਾਈਨਲ ਖੇਡੀ ਹੈ ਅਤੇ ਖੂਬ ਖੇਡੀ ਹੈ। ਭਾਰਤ ਦੀਆਂ ਦੋਹਾਂ ਟੀਮਾਂ ਨੇ ਭਾਰਤੀਆਂ ਦਾ ਹਾਕੀ ਵਿਚ ਭਰੋਸਾ ਪੱਕਾ ਕਰ ਦਿੱਤਾ ਹੈ ਜਿਸ ਤੋਂ ਆਉਂਦੇ ਸਾਲਾਂ ਵਿਚ ਵੱਡੀਆਂ ਉਮੀਦਾਂ ਰੱਖੀਆਂ ਜਾ ਰਹੀਆਂ ਹਨ। ਇਹਦੇ ਵਿਚ ਜਿਥੇ ਖਿਡਾਰੀਆਂ ਤੇ ਕੋਚ ਸਾਹਿਬਾਨ ਦੀ ਮਿਹਨਤ ਅਤੇ ਖੇਡ ਪ੍ਰਬੰਧਕਾਂ ਦਾ ਹੱਥ ਹੈ ਉਥੇ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਦਾ ਵੀ ਵਿਸ਼ੇਸ਼ ਸਹਿਯੋਗ ਹੈ। ਉਵੇਂ ਹੀ ਜਿਵੇਂ 1975 ਵਿਚ ਪੰਜਾਬ ਸਰਕਾਰ ਨੇ ਭਾਰਤ ਨੂੰ ਵਿਸ਼ਵ ਹਾਕੀ ਕੱਪ ਜਿੱਤਣ ਵਾਲੀ ਹਾਕੀ ਟੀਮ ਤਿਆਰ ਕਰਨ ਵਿਚ ਦਿੱਤਾ ਸੀ।



ਬਿਨਾ ਸ਼ੱਕਟੋਕੀਓ ਓਲੰਪਿਕ ਭਾਰਤੀ ਹਾਕੀ ਦੀ ਭਾਗਾਂ ਭਰੀ ਸਵੇਰ ਬਣ ਕੇ ਆਈ ਹੈ। ਇਹੋ ਕਾਰਨ ਹੈ ਕਿ ਓਲੰਪਿਕ ਖੇਡਾਂ ਵਿਚੋਂ ਹਾਕੀ ਦਾ ਬਰਾਂਜ਼ ਮੈਡਲ ਜਿੱਤਣ ਨੂੰ ਗੋਲਡ ਮੈਡਲ ਸਮਝਿਆ ਜਾ ਰਿਹਾ ਹੈ। ਜਿੰਨੀ ਖੁਸ਼ੀ ਹੁਣ ਭਾਰਤ ਨੇ ਹਾਕੀ ਦੇ ਬਰਾਂਜ਼ ਮੈਡਲ ਜਿੱਤਣ ਦੀ ਮਨਾਈਹੈ ਏਨੀ ਖੁਸ਼ੀ ਕਦੇ ਓਲੰਪਿਕ ਦੇ 'ਗੋਲਡਨ ਹੈਟ ਟ੍ਰਿਕ' ਮਾਰਨ 'ਤੇ ਵੀ ਨਹੀਂ ਸੀ ਮਨਾਈ ਗਈ। ਪਹਿਲੇ ਓਲੰਪਿਕ ਜੇਤੂਆਂ ਨੂੰ ਨਕਦ ਇਨਾਮ ਨਹੀਂ ਸਨ ਮਿਲਦੇ ਹੁੰਦੇ। ਮਾੜੀਆਂ ਮੋਟੀਆਂ ਨੌਕਰੀਆਂ ਮਿਲਦੀਆਂ। ਹੁਣ ਹਰਿਆਣੇ, ਪੰਜਾਬ ਤੇ ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਕਰੋੜਾਂ ਦੇ ਇਨਾਮ ਅਤੇ ਖਿਡਾਰੀਆਂ ਨੂੰ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਇਹ ਸਰਕਾਰਾਂ ਦਾ ਪ੍ਰਸੰਸਾਯੋਗ ਕਾਰਜ ਹੈ।

ਇਹਦੇ ਨਾਲ ਹੀ ਜਿਹੜੇ ਖਿਡਾਰੀ ਭਾਰਤ ਲਈ 'ਗੋਲਡਨ ਹੈਟ ਟ੍ਰਿਕ' ਮਾਰਦੇ ਰਹੇ ਰਤਾ ਉਨ੍ਹਾਂ ਦੇ ਪਰਿਵਾਰਾਂ ਵੱਲ ਵੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਭਾਰਤੀ ਹਾਕੀ ਟੀਮ ਨੂੰ ਕਰੋੜ ਰੁਪਏ ਦੇ ਇਨਾਮ ਦੇਣ ਦਾ ਨੇਕ ਕਾਰਜ ਤਾਂ ਕਰਦੀ ਹੈ ਪਰ ਬਿਧੀ ਚੰਦ ਦੇ ਵਾਰਸ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ਼ਸ਼ੋਭਿਤ ਕਰਨ ਦਾ 2020 ਵਿਚ ਐਲਾਨ ਕਰ ਕੇ ਵੀਹੁਣ ਤਕ ਪਤਾ ਨਹੀਂ ਅਮਲ ਕਿਉਂ ਨਹੀਂ ਕਰਦੀ? ਟੋਕੀਓ ਓਲੰਪਿਕ ਦੇ ਖਿਡਾਰੀਆਂ ਨੂੰ ਵੀ ਐਲਾਨੇ ਜਾ ਰਹੇ ਇਨਾਮ ਅਤੇ ਚੰਗੀਆਂ ਨੌਕਰੀਆਂ ਕਿਤੇ ਐਲਾਨ ਹੀ ਨਾ ਰਹਿ ਜਾਣ ਬਲਕਿ ਤੁਰੰਤ ਅਮਲ ਹੋਵੇ।ਇਨਾਮ ਸਨਮਾਨ ਤੇ ਹੋਰ ਸਹੂਲਤਾਂ ਖਿਡਾਰੀਆਂ ਨੂੰ ਮੰਗਤਿਆਂ ਵਾਂਗ ਮੰਗਣੀਆਂ ਨਾ ਪੈਣ। ਤੇ ਖਿਡਾਰੀ ਦੀ ਜਿੱਤ ਦੇ ਜਲੌਅ ਵਿਚ ਕਿਤੇ ਆਪਣੀ ਖੇਡ ਤੋਂ ਅਵੇਸਲੇ ਨਾ ਹੋ ਜਾਣ। ਅੱਗੇ ਚੈਂਪੀਅਨਜ਼ ਟਰਾਫੀ ਆਉਣ ਵਾਲੀ ਹੈ, ਵਿਸ਼ਵ ਹਾਕੀ ਕੱਪ ਵੀ ਤੇ ਤਿੰਨਾਂ ਸਾਲਾਂ ਤਕ ਪੈਰਿਸ ਦੀਆਂ ਓਲੰਪਿਕ ਖੇਡਾਂ ਵੀ। ਜਿੱਤ ਦੀਆਂ ਖੁਸ਼ੀਆਂ ਜ਼ਰੂਰ ਮਨਾਓ ਪਰ ਅਗਲੀ ਜਿੱਤ ਲਈ ਕਮਰਕਸੇ ਵੀ ਕਸੀ ਰੱਖੋ। ਵੇਖਣਾ ਕਿਤੇ ਚੜ੍ਹਦਾ ਸੂਰਜ ਦੁਪਹਿਰ ਤੋਂ ਪਹਿਲਾਂ ਹੀ ਨਾ ਡੁੱਬ ਜਾਵੇ।

ਭਾਰਤ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। ਚਾਰ ਹਜ਼ਾਰ ਸਾਲ ਪਹਿਲਾਂ ਹਾਕੀ ਵਰਗੀ ਖੇਡ ਮਿਸਰ ਵਿਚ ਖੇਡੀ ਜਾਂਦੀ ਸੀ। ਉਥੋਂ ਇਹ ਇਰਾਨ ਆਈ, ਯੂਨਾਨ ਗਈ ਤੇ ਫਿਰ ਰੋਮਨਾਂ ਵਿਚ ਪ੍ਰਚੱਲਤ ਹੋਈ। ਰੋਮਨਾਂ ਨੇ ਇਹਦਾ ਨਾਂ 'ਪਗਨੇਸ਼ੀਆ' ਰੱਖਿਆ ਤੇ ਉਹ ਇਹਨੂੰ ਯੂਰਪ ਦੇ ਹੋਰਨਾਂ ਮੁਲਕਾਂ ਵਿਚ ਲੈ ਗਏ। ਆਇਰਲੈਂਡ ਵਾਲੇ ਇਸ ਨੂੰ 'ਹਰਲੇ' ਕਹਿਣ ਲੱਗੇ ਤੇ ਸਕਾਟਲੈਂਡ ਵਾਲੇ 'ਸ਼ਿੰਟੀ'। ਫਰਾਂਸ ਵਿਚ ਇਸ ਨੂੰ 'ਹੌਕਿਟ' ਕਿਹਾ ਜਾਣ ਲੱਗਾ। ਇੰਗਲੈਂਡ 'ਚ ਪਹਿਲਾਂ ਇਸ ਦਾ ਨਾਂ 'ਕਾਮਕ' ਰੱਖਿਆ ਗਿਆ ਤੇ ਪਿੱਛੋਂ 'ਬੈਂਡੀ'। 'ਹਾਕੀ' ਨਾਂ ਪਹਿਲੀ ਵਾਰ 1838 ਵਿਚ ਵਰਤਿਆ ਗਿਆ।

ਉਨੀਵੀਂ ਸਦੀ ਦੇ ਅਖ਼ੀਰ ਵਿਚ ਬ੍ਰਿਟਿਸ਼ ਹਾਕੀ ਐਸੋਸੀਏਸ਼ਨ ਬਣੀ ਅਤੇ 1894 ਵਿਚ ਇੰਗਲੈਂਡ ਤੇ ਆਇਰਲੈਂਡ ਵਿਚਕਾਰ ਹਾਕੀ ਮੈਚ ਹੋਇਆ। 1900 ਵਿਚ ਅੰਤਰਰਾਸ਼ਟਰੀ ਹਾਕੀ ਬੋਰਡ ਦੀ ਸਥਾਪਨਾ ਹੋਈ ਜਿਸ ਦੇ ਦਸ ਦੇਸ਼ ਮੈਂਬਰ ਬਣੇ। ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ 1924 'ਚ ਬਣੀ ਜਿਸ ਦਾ ਛੋਟਾ ਨਾਂ ਐੱਫਆਈਐੱਚ ਹੈ। ਹੁਣ ਇਸ ਦੇ 130 ਤੋਂ ਵੱਧ ਦੇਸ਼ ਮੈਂਬਰ ਹਨ। 1908 ਵਿਚ ਲੰਡਨ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਸੀ ਜਿਸ ਦਾ ਗੋਲਡ ਮੈਡਲ ਇੰਗਲੈਂਡ ਦੀ ਟੀਮ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਇੰਗਲੈਂਡ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵਿਚ ਵੀ ਪੁਚਾ ਦਿੱਤੀ ਸੀ। ਫੌਜੀ ਛਾਉਣੀਆਂ ਵਿਚ ਹਾਕੀ ਦੇ ਮੈਚ ਹੋਣ ਲੱਗ ਪਏ ਸਨ। ਭਾਰਤ ਵਿਚ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰਕੇ ਹਾਕੀ ਛੇਤੀ ਹੀ ਭਾਰਤੀਆਂ 'ਚ ਮਕਬੂਲ ਹੋ ਗਈ। ਜਲੰਧਰ ਛਾਉਣੀ ਦੇ ਲਾਗਲੇ ਪਿੰਡਾਂ ਕਈਹਾਕੀ ਦੀ ਖੇਡ ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ ਵਾਲੀ ਗੱਲ ਬਣ ਗਈ। ਨਿੱਕੇ ਜਿਹੇ ਪਿੰਡ ਸੰਸਾਰਪੁਰ ਨੇ ਭਾਰਤੀ ਹਾਕੀ ਟੀਮਾਂ ਨੂੰ ਪੂਰੀ ਇਲੈਵਨ ਤੋਂ ਕਿਤੇ ਵੱਧ ਹਾਕੀ ਖਿਡਾਰੀ ਦਿੱਤੇ। ਪਿੰਡ ਮਿੱਠਾਪੁਰ ਨੇ ਓਲੰਪਿਕ ਕਪਤਾਨ ਪਰਗਟ ਸਿੰਘ ਹੀ ਨਹੀਂ ਦਿੱਤਾ ਟੋਕੀਓ ਓਲੰਪਿਕ ਲਈ ਤਿੰਨ ਖਿਡਾਰੀ, ਟੀਮ ਕਪਤਾਨ ਮਨਪ੍ਰੀਤ ਸਿੰਘ, ਮਨਦੀਪ ਸਿੰਘ ਤੇ ਵਰੁਣ ਕੁਮਾਰ ਵੀ ਦਿੱਤੇ। ਇਸ ਟੀਮ ਦੇ ਵੀਹ ਖਿਡਾਰੀਆਂ ਵਿਚ ਗਿਆਰਾਂ ਖਿਡਾਰੀ ਪੰਜਾਬ ਦੇ ਪਿੰਡਾਂ ਤੋਂ ਖੇਡੇ। ਤੇ ਲੜਕੀਆਂ ਦੀ ਹਾਕੀ ਟੀਮ ਵਿਚ 9 ਖਿਡਾਰਨਾਂ ਹਰਿਆਣੇ ਦੇ ਪਿੰਡਾਂ ਦੀਆਂ ਖੇਡੀਆਂ। ਲਗਭਗ ਸਾਰੇ ਖਿਡਾਰੀ ਤੇ ਖਿਡਾਰਨਾਂ ਸਧਾਰਨ ਕਿਰਤੀ ਕਿਸਾਨਾਂ ਦੇ ਜਾਏ ਹਨ ਜਿਨ੍ਹਾਂ ਦਾ ਵੇਰਵਾ ਕਦੇ ਫੇਰ ਸਹੀ।

1975 ਵਿਚ ਭਾਰਤੀ ਟੀਮ ਨੇ ਵਿਸ਼ਵ ਹਾਕੀ ਕੱਪ (ਅਜੇ ਤਕ ਇਕੋ ਵਾਰ) ਜਿੱਤਿਆ ਸੀ ਤੇ 1980 ਵਿਚ ਮਾਸਕੋ ਦੀਆਂ ਉਲੰਪਿਕ ਖੇਡਾਂ 'ਚੋਂ ਸੋਨੇ ਦਾ ਤਗ਼ਮਾ ਹਾਸਲ ਕੀਤਾ ਸੀ। ਇਹ ਤਗ਼ਮਾ ਆਸਟ੍ਰੇਲੀਆ, ਪਾਕਿ-ਸਤਾਨ, ਹਾਲੈਂਡ, ਜਰਮਨੀ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਦੇ ਬਾਈਕਾਟ ਕਾਰਨ ਭਾਰਤ ਦੇ ਹੱਥ ਆਇਆ ਸੀ। ਪਰ ਪਿਛਲੇ ਚਾਰ ਦਹਾਕਿਆਂ ਤੋਂ ਭਾਰਤੀ ਟੀਮ ਓਲੰਪਿਕ, ਵਰਲਡ ਕੱਪ ਤੇ ਚੈਂਪੀਅਨਜ਼ ਟਰਾਫੀ ਵਿਚ ਖਾਲੀ ਹੱਥ ਰਹਿੰਦੀ ਰਹੀ। ਸੁਆਲ ਪੈਦਾ ਹੁੰਦਾ ਹੈ ਕਿ ਏਡਾ ਸ਼ਾਨਦਾਰ ਪਿਛੋਕੜ ਰੱਖਦੀ ਭਾਰਤੀ ਹਾਕੀ ਨੂੰ ਹੋ ਕੀ ਗਿਆ ਸੀ?

ਓਲੰਪਿਕ ਖੇਡਾਂ ਦੇ ਸੋਨ ਤਗ਼ਮੇਇੰਡੀਆ ਨੇ ਉਦੋਂ ਜਿੱਤਣੇ ਸ਼ੁਰੂ ਕੀਤੇ ਸਨ ਜਦੋਂ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ। ਉਸ ਵਿਚ ਐਂਗਲੋ ਇੰਡੀਅਨ ਖਿਡਾਰੀ ਵੀ ਖੇਡਦੇ ਸਨ ਜਦ ਕਿ ਬਰਤਾਨੀਆ ਆਪਣੇ ਨਾਂ ਤੇ ਟੀਮ ਨਹੀਂ ਸੀ ਭੇਜਦਾਪਈ ਉਹਨਾਂ ਦਾ ਗੁਲਾਮ ਇੰਡੀਆ ਕਿਤੇ ਹਰਾ ਨਾ ਦੇਵੇ!ਭਾਰਤ ਆਜ਼ਾਦ ਹੋਇਆ ਤਾਂ ਐਂਗਲੋ ਇੰਡੀਅਨ ਵਾਪਸ ਚਲੇ ਗਏ ਅਤੇ ਪੰਜਾਬ ਦਾ ਹਾਕੀ ਖੇਡਣ ਵਾਲਾ ਕਾਫੀ ਸਾਰਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ। ਪਰ ਭਾਰਤ ਫਿਰ ਵੀ ਜਿੱਤਦਾ ਰਿਹਾ। ਫਿਰ ਪਾਕਿਸਤਾਨ ਦੀ ਹਾਕੀ ਟੀਮ ਜਿੱਤਣ ਲੱਗੀ ਤਾਂ ਸੋਚਿਆ ਚਲੋ ਪਾਕਿਸਤਾਨ ਵੀ ਤਾਂ ਪਹਿਲਾਂ ਇੰਡੀਆ ਹੀ ਹੁੰਦਾ ਸੀ। ਪਿਛਲੇਕਾਫੀ ਸਾਲਾਂ ਤੋਂ ਨਾ ਪਾਕਿ-ਸਤਾਨ ਜਿੱਤ ਰਿਹੈ ਤੇ ਨਾ ਭਾਰਤ ਸਗੋਂ ਉਹ ਮੁਲਕ ਜਿੱਤ ਰਹੇ ਨੇ ਜਿਹੜੇ ਕਦੇ ਹਾਕੀ ਵਿਚ ਬਹੁਤ ਪਿੱਛੇ ਸਨ। ਜਿਵੇਂ ਬੀਜਿੰਗ ਓਲੰਪਿਕ ਖੇਡਣ ਲਈ ਭਾਰਤ ਦੀ ਟੀਮ ਕੁਆਲੀਫਾਈ ਨਹੀਂ ਸੀ ਕਰ ਸਕੀ ਉਵੇਂ ਟੋਕੀਓ ਓਲੰਪਿਕ ਵਿਚ ਪਾਕਿਸਤਾਨ ਦੀ ਹਾਕੀ ਟੀਮ ਕੁਆਲੀਫਾਈ ਨਹੀਂ ਕਰ ਸਕੀ।

ਬਰੀਕੀ ਨਾਲ ਘੋਖ ਕਰੀਏ ਤਾਂ ਭਾਰਤ ਦੀਆਂ ਹਾਕੀ ਟੀਮਾਂ ਉਦੋਂ ਸੋਨ ਤਗ਼ਮੇ ਜਿੱਤਦੀਆਂ ਰਹੀਆਂ ਜਦੋਂ ਘੱਟ ਮੁਲਕ ਹਾਕੀ ਖੇਡਦੇ ਸਨ ਜਾਂ ਭਾਰਤ ਵਾਂਗ ਸ਼ਿੱਦਤ ਨਾਲ ਹਾਕੀ ਨਹੀਂ ਸਨ ਖੇਡਦੇ। ਉਦੋਂ ਜਿੱਤ-ਮੰਚ 'ਤੇ ਚੜ੍ਹਨਾ ਸੁਖਾਲਾ ਸੀ। 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਤਾਂ ਟੀਮਾਂ ਹੀ ਸਿਰਫ਼ ਤਿੰਨ ਸਨ। ਉਹ ਵੀ ਜਾਪਾਨ ਤੇ ਮੇਜ਼ਬਾਨ ਅਮਰੀਕਾ ਦੀਆਂ ਜਿਨ੍ਹਾਂ ਸਿਰ ਇੰਡੀਆ ਨੇ 11 ਤੇ 24 ਗੋਲ ਕੀਤੇ। ਹੁਣ ਕੋਈ ਟੀਮ ਏਨੀ ਮਾੜੀ ਨਹੀਂ ਹੁੰਦੀ ਕਿ 24 ਗੋਲ ਖਾਵੇ!

ਮੌਂਟਰੀਅਲ ਓਲੰਪਿਕ-1976 ਤੋਂ ਹਾਕੀ ਆਸਟ੍ਰੋ ਟਰਫ਼ 'ਤੇ ਖੇਡੀ ਜਾਣ ਲੱਗੀ ਹੈ। ਹਾਕੀ ਦੇ ਨਿਯਮਾਂ ਵਿਚ ਵੀ ਬੜੀ ਤਬਦੀਲੀ ਆਈ ਹੈ। ਇਹ ਡਰਿਬਲਿੰਗ ਤੇ ਨਿੱਕੇ ਪਾਸਾਂ ਦੀ ਥਾਂ ਲੰਮੇ ਪਾਸ, ਜ਼ੋਰਦਾਰ ਹਿੱਟ, ਤੇਜ਼ ਰਫ਼ਤਾਰੀ ਤੇ ਤਾਕਤ ਦੀ ਖੇਡ ਬਣ ਗਈ ਹੈ। ਇਹਦੇ ਲਈ ਸਰੀਰਕ ਤੌਰ 'ਤੇ ਵਧ ਤਕੜੇ ਤੇ ਵਧੇਰੇ ਤੇਜ਼ ਦੌੜਨ ਵਾਲੇ ਖਿਡਾਰੀਆਂ ਦੀ ਲੋੜ ਹੈ। ਪੈਨਲਟੀ ਕਾਰਨਰ ਦੇ ਗੋਲ ਕਰਨ ਲਈ ਬਲਵਾਨ ਬਾਹਾਂ ਚਾਹੀਦੀਆਂ ਹਨ। ਸੱਠ ਮਿੰਟਾਂ ਦੇ ਚਾਰ ਕੁਆਟਰ ਖੇਡਣ ਲਈ ਸੌ ਮਿੰਟ ਖੇਡਣ ਦਾ ਦਮ ਚਾਹੀਦੈ। ਨਾਲ ਜੂਝ ਮਰੋਂ ਤੇ ਨਿਸਚੈ ਕਰ ਆਪਨੀ ਜੀਤ ਕਰੋਂ ਦਾ ਜਜ਼ਬਾ ਵੀ ਹੋਵੇ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਕੁਝ ਸਾਲ ਇਹ ਜਜ਼ਬਾ ਮਘਦਾ ਰਿਹਾ। ਸਮੇਂ ਨਾਲ ਇਹ ਜਜ਼ਬਾ ਵੀ ਸਮੇਂ ਦੇ ਭਾਰਤੀ ਸਿਆਸਤਦਾਨਾਂ ਵਾਂਗ ਈ ਮੀਸਣਾ ਹੁੰਦਾ ਗਿਆ!

ਅਜੋਕੇ ਦੌਰ ਵਿਚਆਸਟ੍ਰੇਲੀਆ, ਜਰਮਨੀ, ਨੀਦਰਲੈਂਡਜ਼, ਬੈਲਜੀਅਮ, ਬਰਤਾਨੀਆ, ਅਰਜਨਟੀਨਾ, ਸਪੇਨ ਤੇ ਨਿਊਜ਼ੀਲੈਂਡ ਆਦਿ ਦੀਆਂ ਟੀਮਾਂ ਬੜੀਆਂ ਤਕੜੀਆਂ ਹਨ। ਭਾਰਤ ਦੇ ਮਰਦਾਂ ਤੇ ਔਰਤਾਂ ਦੀਆਂ ਹਾਕੀ ਟੀਮਾਂ ਹੁਣ ਉਪਰਲੀਆਂ ਟੀਮਾਂ ਵਿਚ ਆ ਖੜ੍ਹੀਆਂ ਹਨ। ਭਾਰਤੀ ਖਿਡਾਰੀਆਂ ਦੀ ਖੇਡ ਘਾਹ ਵਾਲੇ ਮੈਦਾਨਾਂ 'ਤੇ ਬਿਹਤਰ ਸੀ। ਹੁਣ ਕੌਮਾਂਤਰੀ ਹਾਕੀ ਮੈਚ ਕਿਉਂਕਿ ਆਸਟ੍ਰੋ ਟਰਫ ਉਤੇ ਹੀ ਖੇਡੇ ਜਾਂਦੇ ਹਨ ਇਸ ਲਈ ਲੋੜ ਹੈ ਭਾਰਤ ਵਿਚ ਆਸਟ੍ਰੋ ਟਰਫ ਮੈਦਾਨ ਵਧੇਰੇ ਬਣਾਏ ਜਾਣ। ਜੇਕਰ ਹੋਰਨਾਂ ਮੁਲਕਾਂ 'ਤੇ ਨਜ਼ਰ ਮਾਰੀਏ ਤਾਂ ਇੰਗਲੈਂਡ ਵਿਚ 1000, ਹਾਲੈਂਡ 'ਚ 625, ਆਸਟ੍ਰੇਲੀਆ 'ਚ 410, ਜਰਮਨੀ 'ਚ 350 ਤੇ ਨਿਊਜ਼ੀਲੈਂਡ ਵਿਚ 80 ਆਸਟ੍ਰੋ ਟਰਫ ਹਾਕੀ ਮੈਦਾਨ ਹਨ। ਵਿਸ਼ਾਲ ਦੇਸ਼ ਭਾਰਤ ਵਿਚ ਇਨ੍ਹਾਂ ਦੀ ਗਿਣਤੀ ਹਾਲਾਂ ਵੀ ਅੱਧਾ ਸੈਂਕੜਾ ਪਾਰ ਨਹੀਂ ਹੋਈ। ਦੱਖਣੀ ਅਫਰੀਕਾ ਹਾਲੇ ਕੱਲ੍ਹ ਹਾਕੀ ਖੇਡਣ ਲੱਗੈ ਤੇ ਉਥੇ 58 ਆਸਟ੍ਰੋ ਟਰਫ ਹਨ। ਦੱਖਣੀ ਕੋਰੀਆ ਦੀ ਹਾਕੀ ਵਿਚ ਪਛਾਣ 1986 ਤੋਂ ਬਣੀ ਹੈ ਤੇ ਉਸ ਨੇ ਭਾਰਤ ਤੋਂ ਵੱਧ ਆਸਟ੍ਰੋ ਟਰਫ ਵਿਛਾ ਲਏ ਹਨ।

'ਕੱਲੇ ਆਸਟ੍ਰੋ ਟਰਫ ਵੀ ਕੁਝ ਨਹੀਂ ਕਰ ਸਕਦੇ ਜੇਕਰ ਇਨ੍ਹਾਂ ਦੀ ਸਦਵਰਤੋਂ ਨਾ ਕੀਤੀ ਜਾਵੇ। ਜੇ ਟਰਫ਼ਾਂ ਨੂੰ ਜਿੰਦੇ ਈ ਲੱਗੇ ਰਹਿਣ ਤਾਂ ਜਿਹੇ ਬਣਾਏ ਜਿਹੇ ਨਾ ਬਣਾਏ। ਹਰੇਕ ਆਸਟ੍ਰੋ ਟਰਫ ਨਾਲ ਬਚਪਨ ਤੋਂ ਹਾਕੀ ਖਿਡਾਰੀ ਜੋੜੇ ਜਾਣ। ਘੱਟੋਘੱਟ 100 ਆਸਟ੍ਰੋ ਟਰਫਾਂ ਉਤੇ 400 ਟੀਮਾਂ ਦੀ ਕੋਚਿੰਗ ਹੋਵੇ ਯਾਨੀ ਦੇਸ਼ ਭਰ ਚੋਂ 5000 ਹੋਣਹਾਰ ਖਿਡਾਰੀ ਚੁਣੇ ਜਾਣ। ਉਨ੍ਹਾਂ ਦੀ ਖੁਰਾਕ, ਰਹਾਇਸ਼ ਤੇ ਪੜ੍ਹਾਈ ਦਾ ਪ੍ਰਬੰਧ ਹੋਵੇ ਅਤੇ 100 ਖ਼ਾਸ ਕੋਚਾਂ ਤੇ ਬਾਕੀ ਆਮ ਕੋਚਾਂ ਰਾਹੀਂ ਕੋਚਿੰਗ ਦਿੱਤੀ ਜਾਵੇ। ਸੌ ਵਿਚੋਂ ਦਸ ਸੈਂਟਰ ਸਪੈਸ਼ਲ ਕੋਚਿੰਗ ਦੇ ਹੋਣ। ਇਹੋ ਜਿਹੇ ਕਾਰਜ ਸੂਝ ਸਿਆਣਪ ਤੇ ਪ੍ਰਚੰਡ ਜਜ਼ਬੇ ਨਾਲਹੀ ਕੀਤੇ ਜਾ ਸਕਦੇ ਹਨ। ਜਦੋ ਦੇਸ਼ਵਾਸੀਆਂ 'ਚ ਆਜ਼ਾਦੀ ਦਾ ਜਜ਼ਬਾ ਜਾਗਿਆ ਸੀ ਤਾਂ ਜਿੱਤਣ ਲਈ ਖੇਡ ਜਜ਼ਬਾ ਵੀ ਬੁਲੰਦ ਹੋਇਆ ਸੀ। ਅੱਗੋਂ ਵੀ ਜੇ ਭਾਰਤੀ ਹਾਕੀ ਨੂੰ ਪਹਿਲਾਂ ਵਾਲੀ ਬੁਲੰਦੀ 'ਤੇ ਪੁਚਾਉਣਾ ਹੈ ਤਾਂ ਜੂਝ ਮਰੋਂ ਵਾਲੇ ਨਿਸਚੈ ਦੀ ਲੋੜ ਹੈ। ਅੱਗੋਂ ਐਸੀ ਤੜਪ ਜਗਾਈ ਜਾਵੇ ਜਿਹੜੀ ਜਿੱਤ-ਮੰਚ 'ਤੇ ਚੜ੍ਹੇ ਬਿਨਾਂ ਚੈਨ ਨਾ ਲੈਣ ਦੇਵੇ!

principalsarwansingh@gmail.com


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

ਸ IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



## BEST CANADIAN TRUCK & FORKLIFT TRAINING CENTRE

Best Canadian Truck & Forklift Training Centre

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days


Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਠੇਡਾ ਵੀ ਲੱਗ ਸਕਦਾ ਹੈ ਦੇਸ਼-ਭਗਤੀ ਦਾ ਸਾਰਾ ਠੇਕਾ ਲੈ ਕੇ ਚੱਲ ਰਹੀ ਭਾਜਪਾ



ਜਤਿੰਦਰ ਪੰਨੂ

ਰਾਸ਼ਟਰੀ ਸੋਇਮਸੇਵਕ ਸੰਘ ਵੱਲੋਂ ਪਿੱਛੇ ਬੈਠ ਕੇ ਭਾਜਪਾ ਆਗੂ ਨਰਿੰਦਰ ਮੋਦੀ ਰਾਹੀਂ ਚਲਾਈ ਜਾਂਦੀ ਭਾਰਤ ਦੀ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਖੇਡ ਐਵਾਰਡ ਦਾ ਨਾਂਅ ਬਦਲ ਕੇ ਰਾਜੀਵ ਗਾਂਧੀ ਖੇਡ ਰਤਨ ਐਵਾਰਡ ਦੀ ਥਾਂ 'ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ' ਕਰ ਦਿੱਤਾ ਹੈ। ਇਸ ਦੀ ਹਮਾਇਤ ਅਤੇ ਵਿਰੋਧ ਦੀਆਂ ਦਲੀਲਾਂ ਦੇਣ ਵਾਲਿਆਂ ਦੀ ਲੜੀ ਬਹੁਤ ਲੰਮੀ ਜਾਪਦੀ ਹੈ। ਬਹੁਤਾ ਕਰ ਕੇ ਦੋਵੇਂ ਧਿਰਾਂ ਦੇ ਲੋਕ ਇੱਕ ਜਾਂ ਦੂਸਰੀ ਰਾਜਨੀਤੀ ਨਾਲ ਜੋੜ ਕੇ ਇਸ ਖੇਡ ਐਵਾਰਡ ਦਾ ਮੁੱਦਾ ਚੁੱਕ ਰਹੇ ਹਨ। ਸੱਚਾਈ ਇਹ ਹੈ ਕਿ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਨ੍ਹਾਂ ਨੇ ਨਹਿਰੂ-ਗਾਂਧੀ ਪਰਵਾਰ ਦੀ ਚਾਪਲੂਸੀ ਵਿੱਚ ਸਿਖਰ ਛੋਹ ਰੱਖਿਆ ਸੀ ਤੇ ਲਗਭਗ ਹਰ ਨਵੀਂ ਗੱਲ ਨਾਲ ਉਸੇ ਟੱਬਰ ਦਾ ਨਾਂਅ ਜੋੜਨਾ ਜ਼ਰੂਰੀ ਹੋ ਗਿਆ ਸੀ। ਓਦੋਂ ਦੀਆਂ ਉਸ ਇੱਕੋ ਪਰਵਾਰ ਨਾਲ ਜੋੜੀਆਂ ਥਾਂਵਾਂ ਵਿੱਚੋਂ ਕਿਸੇ ਇੱਕ ਦਾ ਨਾਂਅ ਬਦਲ ਕੇ ਨਰਿੰਦਰ ਮੋਦੀ ਨੇ ਝਟਕਾ ਦਿੱਤਾ ਹੈ ਤਾਂ ਕਈ ਲੋਕ ਖੁਸ਼ ਹਨ। ਉਂਜ ਹਾਕੀ ਖਿਡਾਰੀ ਧਿਆਨ ਚੰਦ ਦਾ ਸਤਿਕਾਰ ਕਰਨਾ ਸੀ ਤੇ ਕਰਨਾ ਵੀ ਬਣਦਾ ਸੀ ਤਾਂ ਇਸ ਤੋਂ ਵੱਡਾ ਨਵਾਂ ਐਵਾਰਡ ਉਸ ਦੇ ਨਾਂਅ ਨਾਲ ਚਾਲੂ ਕਰ ਕੇ ਕੀਤਾ ਜਾ ਸਕਦਾ ਸੀ, ਰਾਜੀਵ ਦਾ ਨਾਂਅ ਕੱਟ ਕੇ ਉਸ ਦਾ ਨਾਂਅ ਲਿਖਣਾ ਸਾਫ ਦੱਸਦਾ ਹੈ ਕਿ ਇਰਾਦਾ ਧਿਆਨ ਚੰਦ ਦਾ ਸਨਮਾਨ ਕਰਨ ਦਾ ਘੱਟ ਤੇ ਨਹਿਰੂ-ਗਾਂਧੀ ਪਰਵਾਰ ਦਾ ਅਪਮਾਨ ਕਰਨ ਦਾ ਵੱਧ ਸੀ ਤੇ ਕਰ ਦਿੱਤਾ ਹੈ। ਕੁਝ ਲੋਕ ਇਹ ਕਹਿ ਰਹੇ ਹਨ ਕਿ ਜੇ ਰਾਜੀਵ ਗਾਂਧੀ ਦਾ ਨਾਂਅ ਖੇਡ ਐਵਾਰਡ ਨਾਲ ਲਾਉਣਾ ਗਲਤ ਸੀ ਤਾਂ ਜਿਉਂਦੇ-ਜਾਗਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਸੰਸਾਰ ਭਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਨਾਲੋਂ ਅਤੇ ਮਰਹੂਮ ਭਾਜਪਾ ਨੇਤਾ ਅਰੁਣ ਜੇਤਲੀ ਦਾ ਨਾਂਅ ਦਿੱਲੀ ਵਿਚਲੇ ਕ੍ਰਿਕਟ ਸਟੇਡੀਅਮ ਨਾਲੋਂ ਵੀ ਕੱਟ ਦੇਣਾ ਚਾਹੀਦਾ ਹੈ। ਭਾਜਪਾ ਲੀਡਰ ਇਸ ਦੇ ਲਈ ਕਦੀ ਨਹੀਂ ਮੰਨ ਸਕਦੇ।

ਨਰਿੰਦਰ ਮੋਦੀ ਤੇ ਉਸ ਦੇ ਪਿੱਛੇ ਖੜੀ ਢਾਣੀ ਇਹ ਮੰਨ ਕੇ ਚੱਲਦੀ ਹੈ ਕਿ ਜਦੋਂ ਤੱਕ ਕਾਂਗਰਸ ਪਾਰਟੀ ਅਤੇ ਇਸ ਦੇ ਆਗੂਆਂ ਦਾ ਨਾਂਅ ਲੋਕਾਂ ਦੇ ਮਨਾਂ ਤੋਂ ਕੱਢਿਆ ਨਹੀਂ ਜਾਂਦਾ, ਰਾਜਨੀਤਕ ਪੱਖੋਂ 'ਕਾਂਗਰਸ ਮੁਕਤ ਭਾਰਤ' ਬਣਾਉਣ ਦੀ ਸੋਚ ਸਿਰੇ ਨਹੀਂ ਚੜ੍ਹ ਸਕਦੀ। ਇਸ ਧਾਰਨਾ ਨੂੰ ਸਿਰੇ ਚੜ੍ਹਾਉਣ ਲਈ ਉਹ ਹੌਲੀ-ਹੌਲੀ ਕਾਂਗਰਸੀ ਨੁਸਖਾ ਅਪਨਾਉਣ ਤੇ ਕਾਂਗਰਸੀ ਆਗੂਆਂ ਦੀ ਥਾਂ ਓਸੇ ਤਰ੍ਹਾਂ ਹਰ ਪਾਸੇ ਆਪਣੇ ਮੌਜੂਦਾ ਅਤੇ ਮਰਹੂਮ ਨੇਤਾਵਾਂ ਦੇ ਨਾਂਅ ਲਿਖਣ ਦੇ ਰਾਹ ਪੈ ਚੁੱਕੇ ਹਨ। ਇਹ ਕੰਮ ਮੱਠੀ ਚਾਲੇ ਹੋ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਦੇਸ਼ ਦੇ ਲੋਕਾਂ ਨੂੰ ਨਾ ਹਰ ਪਾਸੇ ਕਾਂਗਰਸੀਆਂ ਦੇ ਮੋਹਰੀ ਪਰਵਾਰ ਦੇ ਨਾਂਅ ਲਿਖੇ ਚੁਭਦੇ ਸਨ ਤੇ ਨਾ ਭਾਜਪਾ ਵਾਲਿਆਂ ਦੇ ਨਾਂਅ ਕੋਈ ਗਹੁ ਨਾਲ ਪੜ੍ਹਦਾ ਹੈ, ਆਮ ਲੋਕਾਂ ਕੋਲ ਏਦਾਂ ਦੀਆਂ ਗੱਲਾਂ ਬਾਰੇ ਸੋਚਣ ਦਾ ਵਕਤ ਹੀ ਨਹੀਂ ਹੁੰਦਾ, ਕਿਉਂਕਿ ਦੋ ਡੰਗ ਦੀ ਰੋਟੀ ਦੀ ਚਿੰਤਾ ਕਾਂਗਰਸੀ ਰਾਜ ਦੇ ਵਕਤ ਵੀ ਖਹਿੜਾ ਨਹੀਂ ਸੀ ਛੱਡਦੀ ਤੇ ਭਾਜਪਾ ਰਾਜ ਵਿੱਚ ਵੀ ਨਹੀਂ ਛੱਡਦੀ। 'ਪੇਟ ਨਾ ਪਈਆਂ



ਰੋਟੀਆਂ, ਸੱਭੇ ਗੱਲਾਂ ਖੋਟੀਆਂ' ਦੇ ਮੁਹਾਵਰੇ ਵਾਂਗ ਆਮ ਆਦਮੀ ਲਈ ਰਾਜਨੀਤੀ ਦੀਆਂ ਇਨ੍ਹਾਂ ਤਿਕੜਮਾਂ ਬਾਰੇ ਸੋਚਣ ਦਾ ਕੀ, ਬੀਤੇ ਤਜਰਬੇ ਵਿੱਚ ਝਾਕਣ ਦਾ ਵੀ ਵਕਤ ਨਹੀਂ ਹੁੰਦਾ, ਵਰਨਾ ਮੌਕੇ ਦੀਆਂ ਸਰਕਾਰਾਂ ਦੇ ਕਿਰਦਾਰ ਬਾਰੇ ਵੀ ਸੌਖਾ ਸਮਝ ਸਕਦੇ।

ਅੱਜ ਜਿਸ ਪੜਾਅ ਵਿੱਚੋਂ ਭਾਰਤ ਲੰਘ ਰਿਹਾ ਹੈ, ਓਥੇ ਦੇਸ਼-ਭਗਤੀ ਦਾ ਸਭ ਤੋਂ ਵੱਡਾ ਸਰਟੀਫਿਕੇਟ ਭਾਜਪਾ ਜਾਂ ਆਰ ਐੱਸ ਐੱਸ ਨਾਲ ਜੁੜਿਆ ਹੋਣਾ ਮੰਨਿਆ ਜਾਂਦਾ ਹੈ। ਉਹ ਦੇਸ਼ ਦੀ ਆਜ਼ਾਦੀ ਦੀ ਲਹਿਰ ਬਾਰੇ ਵੀ ਓਦੋਂ ਦੇ ਸ਼ਹੀਦਾਂ ਤੇ ਸੰਗਰਾਮੀਆਂ ਨੂੰ ਆਪਣੀ ਸੋਚ ਦੇ ਚੌਖਟੇ ਵਿੱਚ ਫਿੱਟ ਕਰਨ ਦਾ ਯਤਨ ਕਰਦੇ ਹਨ ਤੇ ਜਿਹੜੇ ਫਿੱਟ ਨਾ ਆਉਂਦੇ ਹੋਣ, ਉਨ੍ਹਾਂ ਦੇ ਖਿਲਾਫ ਭੰਡੀ-ਪ੍ਰਚਾਰ ਸ਼ੁਰੂ ਕਰ ਸਕਦੇ ਹਨ। ਸਰਕਾਰੀ ਸਰਪ੍ਰਸਤੀ ਹੋਣ ਕਾਰਨ ਭਾਜਪਾ ਦੀ ਹਰ ਗੱਲ ਜਾਇਜ਼ ਠਹਿਰਾਉਣ ਵਾਲਿਆਂ ਨੂੰ ਕੋਈ ਇਹ ਵੀ ਯਾਦ ਨਹੀਂ ਕਰਾਉਂਦਾ ਕਿ ਦੇਸ਼ ਨੂੰ ਆਜ਼ਾਦੀ ਮਿਲਣ ਵੇਲੇ ਆਰ ਐੱਸ ਐੱਸ ਨੇ ਉਸ ਤਿਰੰਗੇ ਝੰਡੇ ਨੂੰ ਸਨਮਾਨ ਨਾ ਦੇਣ ਦਾ ਸੱਦਾ ਦਿੱਤਾ ਸੀ, ਜਿਸ ਤਿਰੰਗੇ ਨੂੰ ਅੱਜ ਉਹੋ ਲੋਕ ਸਭ ਤੋਂ ਵੱਧ ਉੱਚਾ ਚੁੱਕਣ ਦੀਆਂ ਗੱਲਾਂ ਕਰਦੇ ਹਨ। ਸੰਘ ਪਰਵਾਰ ਦਾ ਬੁਲਾਰਾ ਅੰਗਰੇਜ਼ੀ ਮੈਗਜ਼ੀਨ 'ਆਰਗੇਨਾਈਜ਼ਰ' ਆਜ਼ਾਦੀ ਮਿਲਣ ਦੇ ਸਾਲ 1947 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਦੇ 17 ਜੁਲਾਈ 1947 ਨੂੰ ਛਪੇ ਤੀਸਰੇ ਅੰਕ ਵਿੱਚ ਸੰਪਾਦਕੀ ਲੇਖ ਵਿੱਚ ਹੀ ਤਿਰੰਗੇ ਝੰਡੇ ਨੂੰ ਮਾਨਤਾ ਦੇਣ ਦਾ ਤਿੱਖਾ ਵਿਰੋਧ ਕਰਦੇ ਹੋਏ ਲਿਖ ਦਿੱਤਾ ਗਿਆ ਸੀ ਕਿ ਸਮਾਂ ਆਵੇਗਾ, ਜਦੋਂ ਇਸ ਦੇਸ਼ ਵਿੱਚ ਤਿਰੰਗਾ ਨਹੀਂ, ਸਿਰਫ ਭਗਵਾ ਝੰਡਾ ਲਹਿਰਾਇਆ ਕਰੇਗਾ। ਉਸ ਤੋਂ ਬਾਅਦ ਕਈ ਸਾਲਾਂ ਤੱਕ ਇਸ ਸੰਗਠਨ ਨੇ ਆਪਣੇ ਨਾਗਪੁਰ ਵਾਲੇ ਮੁੱਖ ਦਫਤਰ ਉੱਤੇ ਤਿਰੰਗਾ ਝੰਡਾ ਨਹੀਂ ਸੀ ਲਾਇਆ, ਪਰ ਭਾਰਤ ਉੱਤੇ ਰਾਜ ਕਰਨ ਦਾ ਸੁਫਨਾ ਸਿਰੇ ਚੜ੍ਹਾਉਣ ਲਈ ਇੱਕ ਮਜੂਬੂਰੀ ਵਿੱਚ ਲਾਇਆ ਜਾਣ ਲੱਗਾ ਹੈ। ਆਜ਼ਾਦੀ ਮਿਲਣ ਵੇਲੇ ਆਰ ਐੱਸ ਐੱਸ ਦੇ ਓਦੋਂ ਦੇ ਮੁਖੀ ਗੋਲਵਾਲਕਰ ਨੇ ਆਖਿਆ ਸੀ ਕਿ ਕੁਦਰਤ ਦੀ ਕਿੱਕ ਨਾਲ ਸੱਤਾ ਵਿੱਚ ਆਏ ਆਗੂ ਸਾਡੇ ਹੱਥ ਤਿਰੰਗਾ ਫੜਾ ਸਕਦੇ ਹਨ, ਪਰ ਇਹ ਝੰਡਾ ਕਦੇ ਵੀ ਹਿੰਦੂਆਂ ਵੱਲੋਂ ਨਾ ਸਤਿਕਾਰਿਆ ਜਾਵੇਗਾ ਅਤੇ ਨਾ ਅਪਨਾਇਆ ਜਾਵੇਗਾ। ਇਸ ਤੋਂ ਅੱਗੇ ਵਧ ਕੇ ਇਹ ਵੀ ਲਿਖਿਆ ਗਿਆ ਕਿ ਤਿੰਨ ਦਾ ਨੰਬਰ ਹੀ ਆਪਣੇ ਆਪ ਵਿੱਚ ਬੁਰਾਈ ਹੈ ਅਤੇ ਇਹ ਤਿੰਨ ਰੰਗਾਂ ਵਾਲਾ ਝੰਡਾ ਦੇਸ਼ ਦੀ ਮਾਨਸਕਿਤਾ ਉੱਤੇ ਬੁਰਾ ਅਸਰ ਪਾਵੇਗਾ ਅਤੇ ਉਸ ਨੂੰ ਜ਼ਖਮੀ ਕਰੇਗਾ।

ਸਾਨੂੰ ਇਹ ਗੱਲ ਪਤਾ ਹੈ ਕਿ ਰਾਜ-ਸੁਖ ਦੀ ਭੁੱਖ ਦੀਆਂ ਸਤਾਈਆਂ ਕੁਝ ਧਿਰਾਂ ਦੀ ਮਦਦ ਨਾਲ ਗੱਠਜੋੜ ਬਣਾ ਕੇ ਦੇਸ਼ ਦੀ ਵਾਗ ਇੱਕ ਵਾਰ ਸਾਂਭ ਚੁੱਕੀ ਭਾਜਪਾ ਕੋਲ ਇਸ ਵੇਲੇ ਏਨੀ ਤਾਕਤ ਹੈ ਕਿ ਜੋ ਮਰਜ਼ੀ ਭੰਨਤੋੜ ਕਰੀ ਜਾਵੇ, ਕੋਈ ਰੋਕ ਸਕਣ ਵਾਲੀ ਤਾਕਤ ਸਾਹਮਣੇ ਨਹੀਂ ਦਿੱਸਦੀ, ਪਰ ਹਾਲਾਤ ਸਦਾ ਇੱਕੋ ਰਹਿਣ ਦੀ ਗਾਰੰਟੀ ਨਹੀਂ ਹੁੰਦੀ। ਨਰਿੰਦਰ ਮੋਦੀ ਦੀ ਅਗਵਾਈ ਹੇਠ ਜਿਹੜੀ ਮੁਹਿੰਮ ਇਸ ਵਕਤ ਚੱਲ ਰਹੀ ਹੈ, ਉਹ ਆਪਣੇ ਵਿਰੋਧ ਦੀਆਂ ਧਿਰਾਂ ਖੁਦ ਪੈਦਾ ਕਰਨ ਤੱਕ ਜਾ ਸਕਦੀ ਹੈ। ਘੱਟ-ਗਿਣਤੀਆਂ ਨੂੰ ਸਤਾਉਣ ਅਤੇ ਪੁਰਾਣੇ ਪ੍ਰਤੀਕਾਂ ਨੰ ਢਾਹੁਣ ਨਾਲ ਜਿੰਦਾਂ ਦੇ ਹਾਲਾਤ ਬਣ ਸਕਦੇ ਹਨ, ਭਾਜਪਾ ਲੀਡਰਸ਼ਿਪ ਉਨ੍ਹਾਂ ਬਾਰੇ ਨਹੀਂ ਸੋਚ ਰਹੀ। ਸ਼ਾਇਦ ਉਹ ਸੋਚਣਾ ਵੀ ਨਹੀਂ ਚਾਹੁੰਦੀ। ਉਹ ਲੋਕ ਥੋੜ੍ਹੇ ਨਹੀਂ, ਜਿਹੜੇ ਹਰ ਤਰ੍ਹਾਂ ਦੇ ਹਾਲਾਤ ਵਿੱਚ ਵਿਰੋਧ ਕਰਨ ਦੀ ਹਿੰਮਤ ਕਰ ਸਕਦੇ ਹਨ ਤੇ ਜਦੋਂ ਏਦਾਂ ਦੀ ਹਿੰਮਤ ਦਾ ਕੋਈ ਠੋਸ ਮੁੱਢ ਇੱਕ ਵਾਰੀ ਬੱਝ ਗਿਆ, ਫਿਰ ਰੇਤ ਦੀ ਬੋਰੀ ਵਾਂਗ ਹੀ ਕੇਰਾ ਲੱਗਦਾ ਹੁੰਦਾ ਹੈ ਤੇ ਰੁਕਦਾ ਨਹੀਂ ਹੁੰਦਾ।

# ਬਾਪੂ ਦੀਆਂ ਮੁਹੱਬਤਾਂ

- ਗੱਜਣਵਾਲਾ ਸੁਖਮਿੰਦਰ

ਘਰਾਂ ਵਿੱਚ ਝਾੜੂ-ਪੋਚਾ ਲਾਉਣ ਤੇ ਭਾਂਡੇ ਮਾਂਜਣ ਵਾਲੀਆਂ ਯੂ ਪੀ ਦੀਆਂ ਕੁੜੀਆਂ ਇਮਾਨਦਾਰ ਗਿਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਜ਼ਰੂਰ ਕੋਈ ਸਿੱਖਿਆ ਦਿੱਤੀ ਗਈ ਹੋਵੇਗੀ, ਜੋ ਇਹ ਕਮਰਿਆਂ ਵਿੱਚ ਪਏ ਕੀਮਤੀ ਸਾਮਾਨ ਤੇ ਪੈਸੇ ਟਕੇ ਨੂੰ ਹੱਥ ਨਹੀਂ ਲਾਉਂਦੀਆਂ। ਕਦੇ ਕਦੇ ਲੱਗਦਾ, ਇਨ੍ਹਾਂ ਨੂੰ ਦੂਜਾ ਪ੍ਰਾਂਤ ਜਿਵੇਂ ਪਰਾਇਆ ਦੇਸ ਲੱਗਦਾ ਹੋਵੇ। ਜਿਵੇਂ ਵਿਦੇਸ਼ਾਂ ਨੂੰ ਗਏ ਪੰਜਾਬੀ ਜਨਮ ਭੂਮੀ ਨੂੰ ਬਹੁਤ ਲੋਚਦੇ ਹਨ ਅਤੇ ਵਾਰ ਵਾਰ ਪੰਜਾਬ ਪਰਤਣ ਦੀ ਸੋਚਦੇ ਹਨ, ਉਸੇ ਤਰ੍ਹਾਂ ਇਹ ਵੀ ਆਪਣੇ ਜਨਮ ਸਥਾਨਾਂ ਨੂੰ ਬਹੁਤ ਪਿਆਰ ਕਰਦੀਆਂ ਹਨ। ਇਨ੍ਹਾਂ ਨੇ ਸਾਲ ਵਿੱਚ ਦੋ ਕੁ ਵਾਰ ਖਾਸਕਰ ਮਈ-ਜੂਨ ਜਾਂ ਹੋਲੀ ਆਦਿ ਉੱਤੇ ਪੂਰੇ ਪਰਵਾਰ ਸਮੇਤ 'ਗਾਓਂ' ਜਾਣਾ ਹੁੰਦਾ। ਹਿੰਦੀ ਪੱਟੀ ਦੀਆਂ ਵਸਨੀਕ ਹੋਣ ਕਰ ਕੇ ਇਨ੍ਹਾਂ ਦੀ ਬੋਲੀ ਬਹੁਤ ਮਿਠਾਸੜੀ, ਮ੍ਰਿਦਲ ਤੇ ਸਾਫ ਹੁੰਦੀ ਹੈ। ਸਾਡੇ ਵਾਂਗ ਇਹ ਸੋਟਾ, ਬੇਰੁਖੀ, ਖੁਰਦਰੇ ਅਲਫਾਜ਼ ਨਹੀਂ ਹੁੰਦੇ। ਇਨ੍ਹਾਂ ਦੇ ਨਾਂਅ ਵੀ ਕਮਾਲ ਦੇ ਨਵੀਨਤਮ ਅਤੇ ਫਿਲਮੀ ਤਰਜ਼ ਵਾਲੇ ਹੁੰਦੇ ਹਨ: ਸੀਮਾ, ਵਿਕ੍ਰਾਂਤੀ, ਉਰਮਿਲਾ, ਅਨੀਤਾ ਆਦਿ।

ਸਾਡੇ ਘਰ ਕੰਮ ਕਰਨ ਵਾਲੀ ਦਾ ਨਾਂਅ ਸੁਨੈਨਾ ਹੈ। ਕੁਝ ਮਹੀਨਿਆਂ ਤੋਂ ਗਰਭਵਤੀ ਹੈ, ਨਿੱਕਾ ਨਿਆਣਾ ਹੋਣ ਵਾਲਾ ਹੈ। ਉਹਨੇ ਆਪਣੇ ਮਾਤਾ-ਪਿਤਾ ਕੋਲ ਯੂ ਪੀ ਜਾਣਾ ਸੀ। ਉਹ 'ਗਾਓਂ' ਜਾਣ ਵੇਲੇ ਮੇਰੀ ਪਤਨੀ ਨੂੰ ਕਹਿਣ ਲੱਗੀ, 'ਆਂਟੀ, ਮੇਰਾ ਅਗਲੇ ਮਹੀਨੇ ਮਾਰਚ ਮੇਂ ਡਿਲਿਵਰੀ ਟਾਈਮ ਹੈ। ਆਪਣੇ ਵਤਨ ਜਾਊਂਗੀ ਔਰ ਜੂਨ ਮਹੀਨੇ ਵਾਪਸ ਆ ਜਾਊਂਗੀ। ਤੁਸੀਂ ਮੇਰੇ ਪਿੱਛੋਂ ਕਿਸੇ ਨੂੰ ਪੱਕੇ ਕੰਮ ਉੱਤੇ ਮਤ ਰੱਖਣਾ।' ਸਮਾਂ ਆਉਣ ਉੱਤੇ ਸੁਨੈਨਾ



(ਫਰਜ਼ੀ ਨਾਂਅ) ਆਪਣੇ ਮਿੱਥੇ ਸਮੇਂ ਅਨੁਸਾਰ ਆਪਣੇ 'ਗਾਓਂ' ਚਲੀ ਗਈ। ਅੱਠੀਂ-ਦੱਸੀਂ ਦਿਨੀਂ ਅਸੀਂ ਫੋਨ ਉੱਤੇ ਉਹਦਾ ਹਾਲ-ਚਾਲ ਪੁੱਛਦੇ ਰਹੇ। ਕੋਰੋਨਾ ਦਾ ਬਹੁਤ ਜ਼ੋਰ ਹੋਣ ਕਰ ਕੇ ਲੋਕਾਂ ਨੇ ਘਰਾਂ ਵਿੱਚ ਸਫਾਈ ਕਰਨ ਵਾਲੀਆਂ ਹਟਾ ਦਿੱਤੀਆਂ ਸਨ। ਅਸੀਂ ਸੁਨੈਨਾ ਦੇ ਜਾਣ ਪਿੱਛੋਂ ਕਿਸੇ ਨੂੰ ਕੰਮ ਉੱਤੇ ਨਹੀਂ ਰੱਖਿਆ, ਖੁਦ ਸਫਾਈ ਦਾ ਕੰਮ ਸੰਭਾਲੀ ਰੱਖਿਆ। ਜਦ ਜਣੇਪਾ ਹੋ ਗਿਆ ਤੇ ਜਦ ਬੱਚਾ ਵਾਹਵਾ ਹੋ ਗਿਆ ਤਾਂ ਸੁਨੈਨਾ ਪਿਛਲੇ ਮਹੀਨੇ ਵਾਪਸ ਸਾਡੇ ਘਰ ਕੰਮ ਉੱਤੇ ਆ ਗਈ।

ਗੱਲ ਇਹ ਹੈ ਕਿ ਔਰਤ ਭਾਵੇਂ ਕਿਸੇ ਵੀ ਖਿੱਤੇ ਨਾਲ ਸੰਬੰਧਤ ਹੋਵੇ, ਉਸ ਦੇ ਸੁਭਾਅ ਦੀ ਇਹ ਖਾਸੀਅਤ ਹੁੰਦੀ ਹੈ ਕਿ ਉਹ ਅਕਸਰ ਰਾਹ-ਖੇੜੇ ਕੋਲ ਦੀ ਲੰਘਣ ਵਾਲੀ ਬੁੜ੍ਹੀ ਕੁੜੀ ਨੂੰ ਬਿਨਾਂ ਬੁਲਾਏ ਜਾਣ ਨਹੀਂ ਦਿੰਦੀ। ਤਾਕ ਵਿੱਚ ਹੁੰਦੀ ਹੈ, ਮੈਂ ਕੋਈ ਗੱਲ ਕਿਉਂ ਨਾ ਕਰ ਲਵਾਂ। ਇੱਕ ਦੂਜੀ ਨਾਲ ਇਉਂ ਦੁੱਖ-ਸੁੱਖ ਜਿਹਾ ਫੋਲ ਕੇ ਕੋਈ ਸਕੂਨ ਮਿਲਦਾ ਹੋਵੇਗਾ। ਬਿਨਾਂ ਕਿਸੇ ਜਾਣ-ਪਛਾਣ ਦੇ ਪਲਾਂ ਵਿੱਚ ਘੁਲਮਿਲ ਜਾਂਦੀਆਂ ਅਤੇ ਬਗੈਰ ਕਿਸੇ ਉਚੇਚੇ ਮੁੱਦੇ ਦੇ ਨਿੱਕੀਆਂ-ਨਿੱਕੀਆਂ ਗੱਲਾਂ ਛੇੜ ਬਹਿੰਦੀਆਂ। ਇਸੇ ਧਾਰਨਾ ਹਿਤ ਸੁਨੈਨਾ ਵੀ ਜਦ ਸਫਾਈ ਦਾ ਕੰਮ ਧੰਦਾ ਨਿਬੇੜ ਕੇ ਚਾਹ ਦਾ ਕੱਪ ਪੀਣ ਲੱਗਦੀ ਤਾਂ ਉਹ ਅਤੇ ਉਹਦੀ ਆਂਟੀ ਅੱਧਾ-ਅੱਧਾ ਘੰਟਾ ਮਿਸ਼ਰਤ ਹਿੰਦੀ ਪੰਜਾਬੀ ਵਿੱਚ ਘਰੇਲੂ ਦੁੱਖਾਂ-ਸੁੱਖਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗ ਪੈਂਦੀਆਂ।

ਇੱਕ ਦਿਨ ਸਨੈਨਾ ਆਪਣੇ ਜਣੇਪੇ ਬਾਰੇ ਗੱਲ ਦੱਸਣ ਲੱਗੀ, 'ਆਂਟੀ, ਇਸ ਵਾਰ ਮੇਰੀ ਡਿਲਿਵਰੀ ਬੜੇ ਅਪਰੇਸ਼ਨ (ਸਰਜਰੀ) ਨਾਲ ਹੋਣੀ ਸੀ। ਹਮਾਰੇ ਯੂ ਪੀ ਮੇਂ ਸਰਕਾਰੀ ਹਸਪਤਾਲਾਂ ਵਿੱਚ ਕੋਈ ਭਰੋਸੇਯੋਗ ਪ੍ਰਬੰਧ ਨਹੀਂ। ਪ੍ਰਾਈਵੇਟ ਹਸਪਤਾਲ ਬਹੁਤ ਮਹਿੰਗੇ ਹੋਣ ਕਰ ਕੇ ਹਮਾਰੀ ਪਹੁੰਚ ਵਿੱਚ ਨਹੀਂ, ਘਰ ਵਿੱਚ ਇਸ ਦੀ ਬਹੁਤ ਚਿੰਤਾ ਹੋ ਗਈ। ਹਮ ਠਹਿਰੇ ਗਰੀਬ ਲੋਗ, ਹਮਾਰੇ ਪਾਸ ਕਿਹੜਾ ਪੰਜਾਬ ਜੈਸੀ ਖੁੱਲ੍ਹੀ ਜ਼ਮੀਨਾਂ ਹਨ। ਛੋਟੀ ਮੋਟੀ ਖੇਤੀ ਮਜ਼ਦੂਰੀ ਕਰ ਕੇ ਗੁਜ਼ਰ ਬਸਰ ਕਰਦੇ ਹੈਂ, ਪਰ ਮੇਰੇ ਬਾਪ ਨੇ ਫੈਸਲਾ ਕਰ ਲਿਆ ਕਿ ਲੜਕੀ ਕੋ ਮਾਰਨਾ ਥੋੜ੍ਹਾ ਹੈ, ਕੁਛ ਭੀ ਹੋ ਜਾਏ, ਇਸ ਕਾ ਇਲਾਜ ਪ੍ਰਾਈਵੇਟ ਹਸਪਤਾਲ ਮੇਂ ਕਰਵਾਏਂਗੇ। ਮੇਰੇ ਬਾਪ ਨੇ ਆਂਟੀ, ਖਰਚੇ ਕਾ ਜੁਗਾੜ ਪਤਾ ਕੈਸੇ ਕੀਆ। ...ਉਸ ਵਕਤ ਮੇਰੀ ਛੋਟੀ ਬ੍ਹੈਨ ਕੀ ਮੰਗਣੀ ਹੋ ਚੁੱਕੀ ਥੀ ਔਰ ਸ਼ਾਦੀ ਹੋਨੇ ਵਾਲੀ ਥੀ। ਕੋਰੋਨਾ ਕੀ ਵਜ੍ਹਾ ਸੇ ਹੋ ਨਾ ਸਕੀ ਤੇ ਆਗੇ ਪੜ ਗਈ। ਮੇਰੇ ਬਾਪ ਨੇ ਉਸ ਕੋ ਦਹੇਜ ਮੇਂ ਦੇਨੇ ਕੇ ਲੀਏ ਬੱਕਰੀ ਪਾਲ ਰੱਖੀ ਸੀ। ਹਮ ਗਰੀਬ ਲੋਗ ਹੈਂ ਨਾ, ਭੈਂਸ ਵਗੈਰਾ ਤੋਂ ਦੇ ਨਹੀਂ ਸਕਤੇ, ਬੱਕਰੀ ਵਗੈਰਾ ਦੇਤੇ ਹੈਂ। ਜਦ ਮੇਰੀ ਸ਼ਾਦੀ ਹੁਈ ਥੀ, ਤਦ ਮੁਝੇ ਵੀ ਬੱਕਰੀ ਦੀ ਗਈ ਥੀ। ਆਂਟੀ, ਮੇਰੇ ਬਾਪ ਨੇ ਸੋਚਾ ਕਿ ਛੋਟੀ ਲੜਕੀ ਕੀ ਸ਼ਾਦੀ ਤੋਂ ਅਬ ਆਗੇ ਪੜ ਗਈ ਹੈ, ਉਸ ਨੇ ਏਕ ਤੋ ਵੋਹ ਬੱਕਰੀ ਜੋ ਦੇਨੇ ਕੇ ਲੀਏ ਪਾਲ ਰੱਖੀ ਸੀ, ਬੀਸ ਹਜ਼ਾਰ ਕੀ ਬੇਚ ਦੀ, ਔਰ ਹਮਾਰੇ ਛੋਟੇ ਸੇ ਖੇਤ ਮੇਂ ਸਫੈਦੇ ਕੇ ਦੋ ਪੇੜ ਥੇ, ਵੋਹ ਬੇਚ ਦੀਏ। ਐਸੇ ਹਸਪਤਾਲ ਦਾ ਸਾਰਾ ਭੁਗਤਾਨ ਕਰਨੇ ਕਾ ਪ੍ਰਬੰਧ ਕਰ ਲੀਆ। ਦਵਾਈਆਂ ਤੇ ਅਪਰੇਸ਼ਨ ਵਗੈਰਾ ਕਾ ਪੂਰਾ ਪੰਤਾਲੀ ਹਜ਼ਾਰ ਰੂਪੀਆ ਹਸਪਤਾਲ ਕੋ ਦੇਨਾ ਪੜਾ।... ਆਂਟੀ, ਆਪ ਕੇ ਲੀਏ ਤੋਂ ਯਹ ਰਕਮ ਥੋੜ੍ਹੀ ਲਗਤੀ ਹੋਗੀ, ਹਮ ਗਰੀਬੋਂ ਕੇ ਲੀਏ ਤੋਂ ਬਹੁਤ ਭਾਰੀ ਹੈ। ਆਪ ਜਾਨਤੇ ਹੀ ਹੋ ਕਿ ਮੈਂ ਸਾਰਾ ਦਿਨ ਲੋਗੋਂ ਕੇ ਗ੍ਹਰੋਂ ਮੇਂ ਕਾਮ ਕਰਤੀ ਹੂੰ। ਮਰ ਕੇ ਮਹੀਨੇ ਕਾ ਚਾਰ ਪਾਂਚ ਹਜ਼ਾਰ ਹੈ। ਤੀਨ ਬੱਚੇ ਹੈਂ, ਉਨ ਕਾ ਅਲੱਗ ਖਰਚ। ਏਕ ਕਮਰਾ ਹੈ ਤੀਨ ਹਜ਼ਾਰ ਕਿਰਾਏ, ਪਤੀ ਮਜ਼ਦੂਰੀ ਕਰਤਾ ਹੈ, ਫਿਰ ਭ੍ਰੀ ਆਂਟੀ, ਹਮ ਨੇ ਸੋਚ ਰੱਖਾ ਹੈ ਕਿ ਜਬ ਬਹਨ ਕੀ ਸ਼ਾਦੀ ਹੋਗੀ, ਹਮ ਜ਼ਰੂਰ ਕੁਛ ਨਾ ਕੁਛ ਦੇਂਗੇ। ਔਰ ਨਾ ਸਹੀ, ਬੈਡ ਵਗੈਰਾ ਖਰੀਦ ਕੇ ਦੇਂਗੇ। ਦੇਖੋ, ਹਮਾਰੇ ਪਿਤਾ ਨੇ ਮੁਸ਼ਕਲ ਵਕਤ ਪਰ ਹਮਾਰੀ ਬਹੁਤ ਬੜੀ ਮਦਦ ਕੀ, ਉਨ ਕੇ ਬੋਲ ਮੁਝੇ ਅਬ ਬੀ ਯਾਦ ਹੈ: ਲੜਕੀ ਕੋ ਮਾਰਨਾ ਥੋੜ੍ਹਾ, ਪ੍ਰਾਈਵੇਟ ਹਸਪਤਾਲ ਮੇਂ ਇਸ ਕਾ ਇਲਾਜ ਕਰਵਾਏਂਗੇ। ਆਂਟੀ, ਗਰੀਬ ਹੋ ਚਾਹੇ ਅਮੀਰ ਹੋ, ਪਿਉ ਤੋ ਪਿਉ ਹੀ ਹੋਤਾ ਹੈ ਨਾ।''...

# ਕੈਦੀ

-ਕਮਲਜੀਤ ਸਿੰਘ ਬਨਵੈਤ

ਪਿੰਡੋਂ ਸਰਪੰਚ ਦਾ ਫੋਨ ਹੈ, ''ਲੈ ਬਈ, ਸੰਤਾਲੀ ਦੇ ਰੌਲਿਆਂ ਦੀ ਆਪਣੇ ਪਿੰਡ ਨਾਲ ਜੁੜੀ ਆਖਰੀ ਨਿਸ਼ਾਨੀ ਵੀ ਗਈ। ਕੈਦੀ ਕਰਤਾਰ ਸਿੰਘ ਦੇ ਕਾਰੀ ਨੂੰ ਤੋਰ ਆਏ ਆਂ।'' ਰੌਲਿਆਂ ਵੇਲੇ ਇਧਰ ਰਹੇ ਬਾਕੀ ਦੇ ਸਾਰੇ ਬੰਦੇ ਇੱਕ ਇੱਕ ਕਰ ਕੇ ਚਲੇ ਗਏ ਸਨ।

ਕਰਤਾਰ ਸਿੰਘ ਦਾ ਕਾਰੀ ਰੌਲਿਆਂ ਦੀ ਆਖਰੀ ਨਿਸ਼ਾਨੀ ਤਾਂ ਹੈ ਸੀ, ਜੋ ਅਦਲਾ-ਬਦਲੀ ਦੌਰਾਨ ਉਸ ਦੇ ਇਧਰ ਰਹਿ ਜਾਣ ਦੀ ਗੱਲ ਚੇਤੇ ਕਰੀਏ ਤਾਂ ਕਦੇ ਕਦੇ ਆਪਣੇ ਪੁਰਖਿਆਂ ਦੇ ਮੂੰਹੋਂ ਸੁਣੀ ਗੱਲ ਦਾ ਯਕੀਨ ਨਹੀਂ ਆਉਂਦਾ। ਕਾਰੀ ਮੁਸਲਮਾਨ ਰੰਘੜ ਦਾ ਪੁੱਤਰ ਸੀ। ਜਦੋਂ ਰੌਲੇ ਪਏ ਤਾਂ ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੈਸਾ ਧੇਲਾ ਛੱਡੋ, ਮਾਵਾਂ ਤੋਂ ਪੁੱਤ ਨਹੀਂ ਸੰਭਾਲੇ ਗਏ। ਇੱਜ਼ਤ ਲੁੱਟ ਹੋਣ ਤੋਂ ਡਰਦਿਆਂ ਕਈ ਮੁਟਿਆਰਾਂ ਨੇ ਜਾਨ ਦੇ ਦਿੱਤੀ। ਮਾਪਿਆਂ ਵੱਲੋਂ ਲੜਕੀਆਂ ਨੂੰ ਹੱਥੀਂ ਮਾਰਨ ਦੀ ਟਾਵੀਂ ਟਾਵੀਂ ਘਟਨਾ ਵੀ ਸੁਣੀ ਸੀ।

ਵਡੇਰੇ ਦੱਸਦੇ ਹਨ ਕਿ ਇੱਕ ਮੁਸਲਮਾਨ ਪਰਵਾਰ ਆਪਣੇ ਰਿਸ਼ਤੇਦਾਰਾਂ ਸਮੇਤ ਜਦੋਂ ਔੜ-ਉੜਾਪੜ ਛੱਡ ਕੇ ਪਾਕਿਸਤਾਨ ਭੱਜਣ ਲੱਗਾ ਤਾਂ ਪੁੱਤਰ ਕਾਰੀ ਨੂੰ ਉਹਨੂੰ ਭਾਰ ਲੱਗਾ। ਆਪਣੀਆਂ ਅੱਖਾਂ ਸਾਹਮਣੇ ਬੱਚੇ ਦੇ ਕਤਲ ਹੋਣ ਦੀ ਕਲਪਨਾ ਨਾਲ ਉਹ ਕੰਬ ਉਠਿਆ ਤੇ ਉਹਨੇ ਪਿੰਡ ਦੇ ਲਹਿੰਦੇ ਪਾਸੇ ਵਗਦੀ ਨਹਿਰ ਵਿੱਚ ਵਗਾਹ ਮਾਰਿਆ। ਪਾਣੀ ਨੇ ਉਸੇ ਰਫਤਾਰ ਨਾਲ ਕਾਰੀ ਮੋੜ ਦਿੱਤਾ। ਦੋ ਵਾਰ ਇੰਝ ਹੋਇਆ। ਤੀਜੀ ਵਾਰ ਪਾਣੀ ਨੇ ਨਹਿਰ ਵਿੱਚੋਂ ਚੁੱਕ ਕੇ ਬਾਹਰ ਮਾਰਿਆ ਤਾਂ ਮੁਸਲਮਾਨਾਂ ਨੂੰ ਪਿੰਡ ਦੀ ਹੱਦ ਪਾਰ ਕਰਾਉਣ ਜਾਂਦਾ ਕਰਤਾਰ ਸਿੰਘ ਉਹਨੂੰ ਚੁੱਕ ਲਿਆਇਆ। ਕਰਤਾਰ ਸਿੰਘ ਨੇ ਕਾਰੀ ਨੂੰ ਆਪਣੇ ਕੋਲ ਰੱਖ ਕੇ ਪੁੱਤਰਾਂ ਵਾਂਗ ਪਾਲਿਆ। ਉਨ੍ਹੀਂ ਦਿਨੀਂ ਸਾਡੇ ਪਿੰਡਾਂ ਵਿੱਚ ਮੂਸੇ ਰੰਘੜ ਦਾ ਬੜਾ ਖੌਫ ਸੀ। ਇੱਕ ਦਿਨ ਸ਼ਾਮ ਢਲੇ ਦੀ ਗੱਲ ਹੈ। ਪਿੰਡੇ ਦੇ ਖੱਬੇ ਪਾਸੇ ਪੈਂਦੇ ਮੰਡ ਵੱਲ ਦਰਿਆ ਨੇੜੇ ਲਾ ਲਾ ਲਾ ਹੋ ਗਈ। ਰੌਲੀ ਪੈ ਗਈ, ਬਈ ਕਰਤਾਰ ਸਿੰਘ ਨੇ ਤਲਵਾਰ ਨਾਲ ਮੂਸਾ ਰੰਘੜ ਵੱਢ ਦਿੱਤਾ ਹੈ। ਵਾਰਦਾਤ ਮਗਰੋਂ ਤੂਫਾਨ ਜਿਹਾ ਉਠ ਪਿਆ। ਕਰਤਾਰ ਸਿੰਘ ਮੂਸੇ ਦੀ ਘਰ ਵਾਲੀ ਨੂੰ ਨਾਲ ਲੈ ਕੇ ਪਹਿਲਾਂ ਉਰੇ ਪਰੇ ਰਿਹਾ, ਫਿਰ ਮਹੀਨਾ ਭਰ ਬਚਦਾ-ਬਚਾਉਂਦਾ ਆਪੇ ਥਾਣੇ ਜਾ ਪੇਸ਼ ਹੋਇਆ। ਉਹਨੇ ਮੂਸੇ ਦੀ ਘਰਵਾਲੀ ਕਮਲਾ ਉੱਤੇ ਚਾਦਰ ਪਾ ਲਈ। ਮੂਸੇ ਵਾਲੇ ਕੇਸ ਵਿੱਚ ਉਹਨੂੰ ਉਮਰ ਕੈਦ ਹੋ ਗਈ। ਉਂਝ ਉਸ ਦੇ ਜੇਲ੍ਹ ਜਾਣ ਪਿੱਛੋਂ ਕਮਲਾ ਨੇ ਕਾਰੀ ਨੂੰ ਰੀਝ ਨਾਲ ਪਾਲਿਆ। ਕਰਤਾਰ ਸਿੰਘ ਦੇ ਕਾਰੇ ਦਾ ਉਸ ਉਤੇ ਪਰਛਾਵਾਂ ਨਾ ਪੈਣ ਦਿੱਤਾ। ਪਿੰਡ ਵਾਲਿਆਂ ਨੇ ਵੀ ਜਿਵੇਂ ਅੱਜ ਤੱਕ ਜੀਭ ਨੂੰ ਤਾਲਾ ਲਾਈ ਰੱਖਿਆ ਸੀ, ਪਰ ਉਮਰ ਭਰ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਉਹਦਾ ਨਾਂਅ ਕੈਦੀ ਕਰਤਾਰ ਸਿੰਘ ਪੈ ਗਿਆ ਸੀ। ਫਿਰ ਸੁਣਨ ਨੂੰ ਮਿਲਿਆ ਕਿ ਚੰਗੇ ਚਰਿੱਤਰ ਕਾਰਨ ਉਹਦੀ ਸਜ਼ਾ ਮੁਆਫ ਹੋ ਗਈ ਹੈ। ਕਰਤਾਰ ਸਿੰਘ ਨੇ ਜੇਲ੍ਹ ਤੋਂ ਆ ਕੇ ਬੰਜਰ ਪਈ ਜ਼ਮੀਨ ਆਬਾਦ ਕੀਤੀ। ਕਾਰੀ ਵੀ ਬਾਪ ਦਾ ਹੱਥ ਵਟਾਉਣ ਲੱਗਾ। ਪਿੰਡ ਵਿੱਚ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪਿੱਤਲ ਲੱਗੇ ਜਾਤੂਆਂ ਵਾਲਾ ਗੱਡਾ ਲਿਆ ਸੀ, ਕਰਤਾਰ ਸਿੰਘ ਦਾ ਨਾਂਅ ਉਨ੍ਹਾਂ ਵਿੱਚ ਆਉਂਦਾ ਹੈ। ਫਿਰ ਉਹਨੇ ਰੇਹੜੀ ਲੈਣ ਤੋਂ ਪਹਿਲਾਂ ਉੱਚੀਆਂ ਢੁਡਾਂ ਵਾਲੇ ਬਲਦ ਵੀ ਲਏ। ਚਾਚੇ ਗਿਆਨੀ ਜਗਤਾਰ ਸਿੰਘ ਦੀ ਬਰਾਤ ਅਸੀਂ ਕਰਤਾਰ ਸਿੰਘ ਦੀ ਰੇਹੜੀ ਉੱਤੇ ਲੈ ਗਏ ਸੀ। ਬਲਦਾਂ ਦੇ ਸਿੰਙਾਂ ਨੂੰ ਨਾਭੀ ਪੱਗਾਂ ਬੰਨ੍ਹੀਆਂ ਹੋਈਆਂ ਸਨ ਅਤੇ ਤੇਲ ਲਾਏ ਕਾਲੇ ਸਿੰਙ ਦੂਰੋਂ ਲਸ਼ਕਾਂ ਮਾਰਦੇ ਸਨ।

ਪੜ੍ਹ-ਪੜ੍ਹਾ ਕੇ ਅਸੀਂ ਦੋ ਦਹਾਕੇ ਪਹਿਲਾਂ ਪਿੰਡ ਛੱਡ ਕੇ ਚੰਡੀਗੜ੍ਹ ਆਣ ਵਸੇ। ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਪਿੰਡ ਨਾਲ ਬਹੁਤਾ ਵਾਸਤਾ ਨਾ ਰਿਹਾ, ਪਰ ਤਾਏ ਦਾ ਮੁੰਡਾ ਸਰਪੰਚ ਹੈ। ਉਹ ਕਿਸੇ ਨਾ ਕਿਸੇ ਸਮਾਗਮ ਉੱਤੇ ਸੱਦੀ ਰੱਖਦਾ ਹੈ। ਉਹਨੇ ਮੈਨੂੰ ਪਿੰਡ ਦੀ ਭਲਾਈ ਲਈ ਬਣਾਈ ਸਲਾਹਕਾਰ ਕਮੇਟੀ ਦਾ ਸਰਪ੍ਰਸਤ ਬਣਾਇਆ ਹੋਇਆ ਹੈ। ਉਸ ਤੋਂ ਜਦੋਂ ਵੀ ਪਿੰਡ ਦੀ ਖਬਰ ਸਾਰ ਪੁੱਛੀਦੀ ਹੈ ਤਾਂ ਕਰਤਾਰ ਸਿੰਘ ਤੇ ਕਾਰੀ ਬਾਰੇ ਜ਼ਰੂਰ ਪੁੱਛ ਲਈਦਾ ਹੈ। ਜਦੋਂ ਉਹਦਾ ਫੋਨ ਆਇਆ ਤਾਂ ਉਹਨੇ ਗੱਲ ਇੱਥੋਂ ਸ਼ੁਰੂ ਕੀਤੀ, ''ਚਾਚਾ ਮੈਂ ਭੁੱਲ ਗਿਆ, ਕੈਦੀ ਕਰਤਾਰ ਸਿੰਘ ਪਰਸੋਂ ਪੂਰਾ ਹੋ ਗਿਆ ਸੀ। ਅੱਜ ਕਾਰੀ ਚਲੇ ਗਿਆ।'' ਮੈਨੂੰ ਥੋੜ੍ਹਾ ਝਟਕਾ ਲੱਗਾ ਕਿ ਮੈਨੂੰ ਉਸ ਦਿਨ ਕਿਉਂ ਨਾ ਦੱਸਿਆ। ਕਰਤਾਰ ਸਿੰਘ ਮੈਨੂੰ ਹਮੇਸ਼ਾ ਸਾਰੇ ਪਿੰਡ ਵਾਲਿਆਂ ਤੋਂ ਵੱਖਰਾ ਲੱਗਦਾ ਸੀ। ਇੱਕ ਪਾਸੇ ਇੰਨਾ ਨਰਮ ਕਿ ਰੌਲਿਆਂ ਵੇਲੇ ਭੱਜੇ ਜਾਂਦੇ ਮੁਸਲਮਾਨਾਂ ਦਾ ਸੁੱਟਿਆ ਬੱਚਾ ਚੁੱਕ ਕੇ ਹਿੱਕ ਨਾਲ ਲਾ ਲਿਆ, ਦੂਜੇ ਬੰਨ੍ਹੇ ਕਿਸੇ ਦੀ ਟੈਂਅ ਨਾ ਮੰਨਣ ਵਾਲੇ ਮੂਸੇ ਦੇ ਟੋਟੇ ਕਰਨ ਤੋਂ ਬਾਅਦ ਪੁਲਸ ਅੱਗੇ ਜਾ ਖੜ੍ਹਿਆ। ਮੈਂ ਸਰਪੰਚ ਕੋਲ ਅਜੇ ਮਨ ਦੀ ਗੱਲ ਕਰਨ ਲੱਗਾ ਸੀ ਕਿ ਉਹਨੇ ਪੂਰੀ ਗੱਲ ਦੱਸ ਦਿੱਤੀ, 'ਦੋਵਾਂ ਦੀ ਇੱਛਾ ਸੀ ਕਿ ਪਿਓ-ਪੁੱਤਰ ਨੂੰ ਇੱਕੋ ਥਾਂ ਦਫਨਾਇਆ/ ਸਸਕਾਰ ਕੀਤਾ ਜਾਵੇ। ਪਿੰਡ ਵਾਲਿਆਂ ਨੇ ਸ਼ਮਸ਼ਾਨਘਾਟ ਦੇ ਇੱਕ ਪਾਸੇ ਜਿੱਥੇ ਕੈਦੀ ਕਰਤਾਰ ਸਿੰਘ ਦਾ ਸਸਕਾਰ ਕੀਤਾ ਸੀ, ਉਥੇ ਅੱਜ ਕਾਰੀ ਨੂੰ ਦਫਨਾ ਦਿੱਤਾ।'

''ਓ ਭਾਈ ਮੈਨੂੰ ਤਾਂ ਬੁਲਾ ਲੈਂਦੇ, ਉਂਝ ਗੱਲ ਗੱਲ ਲਈ ਚੰਡੀਗੜ੍ਹ ਵਾਲੇ ਚਾਚੇ ਨੂੰ ਫੋਨ ਖੜਕਾਉਂਦੇ ਰਹਿੰਦੇ ਹੋ।'' ਮੈਥੋਂ ਰਿਹਾ ਨਾ ਗਿਆ।

''ਤੁਸੀਂ ਆ ਜਾਇਓ ਸ਼ਨੀਵਾਰ ਸ਼ਾਮ ਨੂੰ। ਐਤਵਾਰ ਦਾ ਭੋਗ ਹੈ। ਉਸ ਤੋਂ ਪਹਿਲਾਂ ਸਲਾਹ ਵੀ ਕਰਨੀ, ਦੋਵਾਂ ਦੀ ਯਾਦਗਾਰ ਬਾਰੇ। ਨਾਲੇ ਚਾਚੀ ਕਮਲਾ ਕਹਿ ਰਹੀ ਸੀ ਕਿ ਇੰਨੇ ਸਿਆੜ, ਮਾਲ-ਡੰਗਰ ਮੈਂ ਕੀ ਕਰਨੇ। ਮੇਰੇ ਮਗਰਲੇ ਦਿਨਾਂ ਜੋਗੇ ਰੱਖ ਕੇ ਬਾਕੀ ਸਾਰੇ ਸਾਂਝੇ ਕੰਮ ਉੱਤੇ ਲਾ ਦਿਓ ਜਿਹਦੇ ਨਾਲ ਦੋਹੀਂ ਪਾਸੀਂ (ਲਹਿੰਦਾ ਚੜ੍ਹਦਾ ਪੰਜਾਬ) ਭਰਾ-ਭਰਾ ਦੇ ਖੂਨ ਦੇ ਰਿਸ਼ਤੇ ਦਾ ਸੁਨੇਹਾ ਜਾਂਦਾ ਰਹੇ।" ਮੈਥੋਂ ਇੰਨਾ ਹੀ ਕਿਹਾ ਗਿਆ, ''ਤੂੰ ਫੋਨ ਰੱਖ, ਮੈਂ ਸ਼ੁੱਕਰਵਾਰ ਨੂੰ ਆਇਆ।''

# ਮੈਂ ਪੀਂਘ ਦੇ ਹੁਲਾਰੇ ਨਾਲ ਗਾਵਾਂ...

-ਜਸਬੀਰ ਕੌਰ-

ਤਪਦੇ-ਸੜਦੇ ਮਈ-ਜੂਨ ਦੇ ਮਹੀਨਿਆਂ ਪਿੱਛੋਂ ਜਦ ਸਾਉਣ ਮਹੀਨੇ ਵਿੱਚ ਠੰਢੀਆਂ ਸੁਖਾਵੀਆਂ ਫੁਹਾਰਾਂ ਪੈਂਦੀਆਂ ਹਨ ਤਾਂ ਹਰ ਜੀਵ-ਜੰਤੂ ਦਾ ਮਨ ਖਿੜ ਉਠਦਾ ਹੈ। ਕਾਲੇ ਸੰਘਣੇ ਬੱਦਲਾਂ ਨਾਲ ਚੱਲਦੀਆਂ ਠੰਢੀਆਂ ਤੇਜ਼ ਹਵਾਵਾਂ ਤੇ ਫਿਰ ਤੇਜ਼ ਮੀਂਹ ਦੀਆਂ ਵਾਛੜਾਂ ਨਾਲ ਸਭ ਪੌਦੇ ਝੂਮਣ ਲੱਗਦੇ ਹਨ। ਸਖਤ ਗਰਮੀ ਤੋਂ ਬੇਹਾਲ ਹੋਈ ਸੁੱਕੀ ਧਰਤੀ ਰਿਮਝਿਮ ਨਾਲ ਨਿਹਾਲ ਹੋ ਜਾਂਦੀ ਹੈ। ਹਰ ਤਰ੍ਹਾਂ ਦੇ ਜਨੌਰ ਤੇ ਖਾਸ ਕਰ ਕੇ ਸੁੰਦਰ ਪੰਛੀ ਮੋਰ ਵੀ ਪੈਲਾਂ ਪਾਉਣ ਲੱਗ ਜਾਂਦਾ ਹੈ। ਵੱਡੇ ਅਤੇ ਬੱਚੇ ਤੇਜ਼ ਕਣੀਆਂ ਵਿੱਚ ਨਹਾ ਕੇ ਖੁਸ਼ ਹੋ-ਹੋ ਕੇ ਕਿਲਕਾਰੀਆਂ ਮਾਰਦੇ ਨੱਚਦੇ ਟੱਪਦੇ ਹਨ। ਆਪਣੇ ਬੂਹੇ-ਬਾਰੀਆਂ ਵਿੱਚੋਂ ਵਰ੍ਹਦੀਆਂ ਅੰਮ੍ਰਿਤ ਬੂੰਦਾਂ ਦੇਖ ਕੇ ਬਜ਼ੁਰਗ ਵੀ ਅਲੋਕਾਰ ਮੰਜ਼ਰ ਦਾ ਆਨੰਦ ਮਾਣਦੇ ਹਨ। ਗੱਲ ਕੀ ਸਾਰੀ ਕੁਦਰਤ ਹੀ ਠੰਢੀਆਂ-ਮਿੱਠੀਆਂ ਹਵਾਵਾਂ ਸੰਗ ਮੀਂਹ ਦੇ ਵਿਸਮਾਦੀ ਰੰਗ ਵਿੱਚ ਰੰਗੀ ਜਾਂਦੀ ਹੈ। ਇਹ ਸੁਹਾਵਣਾ ਮੌਸਮ ਮੌਜਮਸਤੀ ਵਾਲਾ, ਨਵੀਂ ਰੂਹ ਫੂਕਣ ਵਾਲਾ, ਨਵੀਂ ਜ਼ਿੰਦਗੀ ਦੇਣ ਵਾਲਾ ਹੁੰਦਾ ਹੈ।

ਵਿਆਹੀਆਂ ਔਰਤਾਂ ਨੂੰ ਵੀ ਇਸੇ ਮਹੀਨੇ ਵਿੱਚ ਸਹੁਰੇ ਘਰਾਂ ਦੇ ਘੁਟਵੇਂ ਮਾਹੌਲ ਤੋਂ ਵੱਖ ਹੋ ਕੇ ਪੇਕੇ ਘਰੀਂ ਜਾ ਕੇ ਆਜ਼ਾਦੀ ਅਤੇ ਖੁੱਲ੍ਹੇ ਦਿਲ ਨਾਲ ਮੀਂਹ ਦੀਆਂ ਪਿਆਰੀਆਂ ਬੂੰਦਾਂ ਦਾ ਲੁਤਫ ਉਠਾ ਲੈਣ ਦੀ ਖੁੱਲ੍ਹ ਮਿਲੀ ਸੀ। ਪਹਿਲਾਂ ਇਹ ਰਵਾਇਤ ਵੀ ਸੀ ਕਿ ਸਾਰਾ ਸਾਉਣ ਮਹੀਨਾ ਨਵ ਵਿਆਹੀਆਂ ਲਈ ਪੇਕੇ ਰਹਿਣ ਦਾ ਹੁੰਦਾ ਸੀ। ਸਭ ਵਿਆਹੀਆਂ ਤੇ ਕੁਆਰੀਆਂ ਕੁੜੀਆਂ ਇੱਕ ਖੁੱਲ੍ਹੀ ਥਾਂ ਰੁੱਖਾਂ ਹੇਠ ਇਕੱਠੀਆਂ ਹੋ ਕੇ ਗੋਲ ਦਾਇਰਾ ਬਣਾ ਕੇ ਬੋਲੀਆਂ ਗਿੱਧਾ ਪਾ ਕੇ ਨੱਚਦੀਆਂ ਹਨ ਤੇ ਨਾਲ-ਨਾਲ ਆਪਣੇ ਦਿਲ ਦੀ ਭੜਾਸ ਵੀ ਕੱਢਦੀਆਂ ਹਨ। ਸਹੁਰੇ ਪਰਵਾਰ ਵਿੱਚੋਂ ਖਾਸ ਕਰ ਕੇ ਸੱਸ ਦੇ ਤਾਅਨੇ-ਮਿਹਣੇ ਸੁਣ-ਸੁਣ ਕੇ ਅੱਕੀਆਂ ਖਿਝੀਆਂ ਉਹ ਬੋਲੀਆਂ ਦੇ ਰੂਪ ਵਿੱਚ ਬੋਲ-ਕੁਬੋਲ ਬੋਲਦੀਆਂ ਹਨ
:


ਸੱਸ ਕਹਿੰਦੀ ਨੂੰਹ ਨੂੰ ਪੀਹਣਾ ਨਹੀਂ ਆਉਂਦਾ
ਸੱਸ ਦੀ ਮਰ ਜਾਏ ਕੱਟੀ
ਛਮਾ ਛਮ ਨੂੰਹ ਦੀ ਚੱਲਦੀ ਚੱਕੀ।

*******

ਇੱਕ ਮੇਰੀ ਸੱਸ ਨੀ ਬੁਰੀ
ਗੱਲੇ ਕੱਥੇ ਵੀਰ ਪੁਣਦੀ
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ।

ਅਜਿਹੀਆਂ ਬੋਲੀਆਂ ਵਿੱਚ ਉਹ ਸਹੁਰੇ ਪਰਵਾਰ ਨੂੰ ਪੁਣ ਕੇ ਮਨ ਹਲਕਾ ਕਰਦੀਆਂ ਸਨ। ਜਿਨ੍ਹਾਂ ਦੇ ਪਤੀ ਦੂਰ ਪ੍ਰਦੇਸਾਂ ਵਿੱਚ ਗਏ ਹੁੰਦੇ, ਉਸ ਨੂੰ ਇਸ ਮੌਸਮ ਵਿੱਚ ਸ਼ਿੱਦਤ ਨਾਲ ਯਾਦ ਕਰਦੀਆਂ ਤੇ ਨਾਲ ਪੀਂਘ ਝੂਟਦੀਆਂ :

ਨੀਂ ਮੈਂ ਪੀਂਘ ਦੇ ਹੁਲਾਰੇ ਨਾਲ ਗਾਵਾਂ
ਵੇ ਇੱਕ ਵਾਰੀ ਆ ਜਾ ਹਾਣੀਆਂ
ਤੇਰੀ ਦੀਦ ਦੀਆਂ ਭੁੱਖੀਆਂ ਨਿਗਾਹਾਂ
ਵੇ ਇੱਕ ਵਾਰੀ ਆ ਜਾ ਹਾਣੀਆਂ



ਕਈ ਵਾਰੀ ਜੇ ਪਤੀ ਬਾਹਰੋਂ ਆਉਂਦਾ ਤਾਂ ਆਉਂਦੇ ਨੂੰ ਸੱਸ ਤੇ ਨਨਾਣ ਸ਼ਿਕਾਇਤਾਂ ਲਾ-ਲਾ ਸਿਖਾਉਂਦੀਆਂ ਤੇ ਪਤੀ ਉਨ੍ਹਾਂ ਦੇ ਮਗਰ ਲੱਗ ਕੇ ਪਤਨੀ ਨੂੰ ਮਾਰਨ-ਕੁੱਟਣਾ ਲੱਗਦਾ, ਜਿਵੇਂ ਇਹ ਸੱਸ ਦਾ ਜੱਦੀ-ਪੁਸ਼ਤੀ ਹੱਕ ਹੈ। ਸ਼ਾਵਾ ਵੰਗਾਂ ਵਾਲੇ ਗੀਤ ਵਿੱਚ ਇਸ ਦਾ ਜ਼ਿਕਰ ਹੈ, ਜਦ ਪਤਨੀ ਨੇ ਸੱਸ ਦੇ ਮਨ੍ਹਾ ਕਰਨ ਉੱਤੇ ਵੰਙਾਂ ਚੜ੍ਹਾ ਲਈਆਂ
:

ਅੰਦਰ ਵੜ ਕੇ ਡੰਡਾ ਫੜ ਲਿਆ
ਕੀਤੀਆਂ ਵੰਙਾਂ ਤਬਾਹ।
ਚਿਰ ਪਿੱਛੋਂ ਛੁੱਟੀ ਆਵੇ
ਆਉਂਦੇ ਨੂੰ ਸੱਸ ਸਿਖਾਵੇ
ਬਾਪੂ ਵੇ ਅੱਡ ਹੁੰਨੀ ਆਂ।

ਅੱਜਕੱਲ੍ਹ ਤਾਂ ਪੀਂਘ ਪਾਉਣ ਲਈ ਪਿੱਪਲ ਬੋਹੜ ਹੀ ਕਿਤੇ ਦਿਸਦੇ ਨਹੀਂ, ਬਹੁਤ ਘੱਟ ਗਏ ਹਨ ਤਾਂ ਇਨ੍ਹਾਂ ਉੱਤੇ ਪੀਂਘਾਂ ਪਾਉਣ ਦਾ ਰਿਵਾਜ ਘਟ ਗਿਆ ਹੈ। ਅੱਜਕੱਲ੍ਹ ਤੀਆਂ ਸਟੇਜਾਂ ਤੱਕ ਸੀਮਿਤ ਹੋ ਗਈਆਂ ਜਾਂ ਸੈਮੀਨਾਰ, ਸਾਹਿਤਕ ਸਭਾਵਾਂ ਵਿੱਚ ਕਵੀ ਦਰਬਾਰ ਹੁੰਦੇ ਹਨ। ਇਨ੍ਹਾਂ ਥਾਵਾਂ ਵਿੱਚ ਹੀ ਭੰਗੜਾ-ਗਿੱਧਾ ਪਾ ਲਿਆ ਜਾਂਦਾ ਹੈ। ਪਹਿਲਾਂ ਲੋਕ ਕੁਦਰਤ ਨਾਲ ਵੱਧ ਜੁੜੇ ਹੁੰਦੇ ਸਨ। ਖੇਤਾਂ, ਖੂਹਾਂ, ਬਾਗਾਂ ਤੋਂ ਬਿਨਾ ਹਰ ਘਰ ਵਿੱਚ ਪਿੱਪਲ, ਬੋਹੜ, ਨਿੰਮ, ਕਿੱਕਰ ਆਦਿ ਦੇ ਰੁੱਖ ਆਮ ਹੁੰਦੇ ਸਨ, ਜਿਨ੍ਹਾਂ ਦੀਆਂ ਟਾਹਣੀਆਂ ਨਾਲ ਪੀਂਘਾਂ ਪਾ ਕੇ ਖੁੱਲ੍ਹੀ ਹਵਾ ਦੇ ਮਜ਼ੇ ਲਏ ਜਾਂਦੇ ਸਨ। ਸਮੇਂ ਨਾਲ ਤਕਨੀਕੀ ਤੇ ਇਲੈਕਟ੍ਰੋਨਿਕ ਚੀਜ਼ਾਂ ਦੇ ਆਉਣ ਨਾਲ ਘਰਾਂ ਤੇ ਬਾਹਰ ਦਾ ਬਹੁਤ ਕੁਝ ਬਦਲ ਗਿਆ ਹੈ। ਪਹਿਲਾਂ ਸਾਂਝੇ ਘਰ ਹੁੰਦੇ ਸਨ ਤੇ ਅੱਜਕੱਲ੍ਹ ਬਹੁਤੇ ਜਵਾਨ ਮੁੰਡੇ-ਕੁੜੀਆਂ ਬਾਹਰਲੇ ਦੇਸਾਂ ਨੂੰ ਚਲੇ ਗਏ ਹਨ ਤੇ ਵੱਖ-ਵੱਖ ਰਹਿੰਦੇ ਹਨ, ਪਰ ਜੋ ਵੀ ਹੋਵੇ, ਸਾਉਣ ਮਹੀਨਾ ਸਭ ਲਈ ਪਿਆਰਾ ਤੇ ਮਨਮੋਹਕ ਹੁੰਦਾ ਹੈ। ਇਸ ਖੁਸ਼ੀ ਮੌਕੇ ਮਿੱਠੀ ਚੀਜ਼ ਖਾਣ ਤੇ ਵੰਡਣ ਨੂੰ ਹਰੇਕ ਘਰ ਵਿੱਚ ਖੀਰਾਂ-ਪੂੜੇ ਬਣਦੇ ਹਨ ਤੇ ਸਵਾਦਾਂ ਨਾਲ ਮਿਲ ਕੇ ਖਾਧੇ ਜਾਂਦੇ ਹਨ। ਮੀਂਹ ਕੁਦਰਤੀ ਤੋਹਫਾ, ਵਰਦਾਨ ਤੇ ਜੀਵਨ ਦਾਨ ਹੈ। ਜਿੱਥੇ ਇਹ ਖੁਸ਼ੀਆਂ ਹੁਲਾਰੇ ਲਿਆਉਂਦਾ ਹੈ, ਉਥੇ ਮੀਂਹ ਦੇ ਪਾਣੀ ਨੂੰ ਸੰਭਾਲਣਾ ਵੀ ਸਾਡਾ ਸਭ ਦਾ ਫਰਜ਼ ਹੈ। ਸਾਫ ਪਾਣੀ ਐਵੇਂ ਚਿੱਕੜਾਂ ਨਾਲ ਰਲ ਕੇ ਸੀਵਰੇਜ ਵਿੱਚ ਹੀ ਨਾ ਚਲਾ ਜਾਵੇ, ਕਿਉਂਕਿ ਜ਼ਮੀਨ ਹੇਠਲਾ ਸਾਫ ਪਾਣੀ ਘਟ ਰਿਹਾ ਹੈ। ਘਰਾਂ ਜਾਂ ਉੱਚੀਆਂ ਇਮਾਰਤਾਂ ਹੇਠ ਛੋਟੇ ਹੌਜ਼ ਬਣਾ ਕੇ ਛੱਤਾਂ ਤੇ ਪਰਨਾਲਿਆਂ ਰਾਹੀਂ ਅਜਾਈਂ ਜਾਂਦੇ ਪਾਣੀ ਨੂੰ ਬੂਟਿਆਂ, ਥੜ੍ਹੇ ਦੀ ਸਫਾਈ ਤੇ ਟਾਇਲੇਟ ਲਈ ਵਰਤਿਆ ਜਾ ਸਕਦਾ ਹੈ।

## ਹਲਕਾ ਫੁਲਕਾ

ਲੇਜ਼ੀ ਬੁਆਏ, ''ਪਾਪਾ ਇੱਕ ਗਲਾਸ ਪਾਣੀ ਦੇਣਾ।''
ਪਾਪਾ, ''ਖੁਦ ਉਠ ਕੇ ਪੀ ਲੈ...।''
ਬੁਆਏ, ''ਪਲੀਜ਼, ਦੇ ਦੋ ਨਾ...''
ਪਾਪਾ, ''ਜੇ ਦੋਬਾਰਾ ਪਾਣੀ ਮੰਗਿਆ ਤਾਂ ਥੱਪੜ ਮਾਰਾਂਗਾ।''
ਬੁਆਏ, ''ਥੱਪੜ ਮਾਰਨ ਆਓ ਤਾਂ ਪਾਣੀ ਲੈਂਦੇ ਆਇਓ...।''

********

ਸਿਪਾਹੀ, ''ਚੱਲ ਮੇਰੇ ਭਰਾ, ਤੇਰੀ ਫਾਂਸੀ ਦਾ ਸਮਾਂ ਹੋ ਗਿਆ ਹੈ।''
ਕੈਦੀ, ''ਮੈਨੂੰ ਤਾਂ ਫਾਂਸੀ ਵੀਹ ਦਿਨ ਬਾਅਦ ਹੋਣ ਵਾਲੀ ਸੀ।''
ਸਿਪਾਹੀ, ''ਜੇਲ੍ਹਰ ਸਾਹਿਬ ਕਹਿ ਕੇ ਗਏ ਹਨ ਕਿ ਤੂੰ ਉਨ੍ਹਾਂ ਦੇ ਪਿੰਡ ਦਾ ਹੈਂ, ਇਸ ਲਈ ਤੇਰਾ ਕੰਮ ਹੋਰ ਦੋਸ਼ੀਆਂ ਤੋਂ ਪਹਿਲਾਂ...।''




# ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ 20 ਨੂੰ ਅਕਾਲ ਤਖ਼ਤ ਤੋਂ ਹੁਕਮ-ਨਾਮਾ ਜਾਰੀ ਕਰਨ ਦਾ ਐਲਾਨ



ਅੰਮ੍ਰਿਤਸਰ, 12 ਅਗਸਤ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਬਰਗਾੜੀ ਇਨਸਾਫ਼ ਮੋਰਚੇ ਨੂੰ ਬੰਦ ਕਰਾਉਣ ਮੌਕੇ ਬੇਅਦਬੀ ਦੇ ਦੋਸ਼ੀਆਂ ਨੂੰ ਜਲਦ ਸਜ਼ਾਵਾਂ ਦਿਵਾਉਣ ਦਾ ਵਾਅਦਾ ਪੂਰਾ ਨਾ ਕਰਨ ਦੇ ਦੋਸ਼ ਹੇਠ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀ ਅਤੇ ਤਿੰਨ ਕਾਂਗਰਸੀ ਵਿਧਾਇਕ ਕੱਲ੍ਹ ਦੂਸਰੀ ਵਾਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਦੇ ਸਾਹਮਣੇ ਪੇਸ਼ ਨਹੀਂ ਹੋਏ।

ਪੰਜ ਮੈਂਬਰੀ ਕਮੇਟੀ ਸਾਹਮਣੇ ਮੰਤਰੀਆਂ ਅਤੇ ਵਿਧਾਇਕਾਂ ਦੇ ਪੇਸ਼ ਨਾ ਹੋਣ ਉੱਤੇ ਅਕਾਲ ਤਖ਼ਤ ਦੇ ਸੈਕਟਰੀਏਟਮੂਹਰੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਈ ਮੰਡ ਨੇ ਕਿਹਾ ਕਿ ਇਨ੍ਹਾਂ ਪੰਜ ਸਰਕਾਰੀ ਦੂਤਾਂ ਕੋਲੋਂ ਸਪੱਸ਼ਟੀਕਰਨ ਲੈਣ ਵਾਸਤੇ ਦੋ ਅਗਸਤ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਸੀ, ਪਰ ਇਨ੍ਹਾਂ ਨੇ ਸ਼ਰਾਰਤਪੂਰਨ ਪੱਤਰ ਲਿੱਖ ਕੇ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਦੇ ਅੱਖੀਂ ਘੱਟਾ ਪਾਉਣ ਦਾ ਗੁਨਾਹ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਇਸ ਕਮੇਟੀ ਨੇ ਇੱਕ ਮੌਕਾ ਹੋਰ ਦਿੱਤਾ ਸੀ ਪਰ ਇਨ੍ਹਾਂ ਨੇ ਆਉਣਾ ਵਾਜਬ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਤੇ ਉਸਦੇ ਦੂਤਾਂ ਦੀ ਇਸ ਕਾਰਵਾਈ ਉੱਤੇ 17 ਅਗਸਤ ਨੂੰ ਗੁਰਦੁਆਰਾ ਹਾਜੀ ਰਤਨ ਬਠਿੰਡਾ ਵਿਖੇ ਪੰਥਕ ਨੁਮਾਇੰਦਿਆਂ ਦੀ ਬੈਠਕ ਸੱਦ ਕੇ ਗੁਰਮਤਾਕਰਨ ਪਿੱਛੋਂ 20 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਜਾਵੇਗਾ।

# ਸਮੱਗਲਰ ਦੀ ਨਿਸ਼ਾਨਦੇਹੀ ਉੱਤੇ ਬਾਰਡਰ ਤੋਂ 53 ਕਰੋੜ ਦੀ ਹੈਰੋਇਨ ਬਰਾਮਦ



ਫ਼ਿਰੋਜ਼ਪੁਰ, 12 ਅਗਸਤ (ਪੋਸਟ ਬਿਊਰੋ)- ਇਸ ਜ਼ਿਲੇ ਦੀ ਫ਼ਿਰੋਜ਼ਪੁਰ ਪੁਲਸ ਨੇ ਗ੍ਰਿਫਤਾਰ ਕੀਤੇ ਇੱਕ ਸਮੱਗਲਰ ਦੀ ਨਿਸ਼ਾਨਦੇਹੀ ਉੱਤੇ ਭਾਰਤ-ਪਾਕਿ ਬਰਾਡਰ ਦੀ ਚੌਕੀ ਜੱਲੋਕੇ ਦੇ ਏਰੀਏ ਵਿੱਚੋਂ 10 ਕਿਲੋ 620 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ 53 ਕਰੋੜ 10 ਲੱਖ ਰੁਪਏ ਹੈ।

ਐਸ ਐਸਪੀ ਫ਼ਿਰੋਜ਼ਪੁਰ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਅਤੇ ਅੰਗਰੇਜ਼ ਸਿੰਘ ਦੀ ਅਗਵਾਈ ਹੇਠ ਐਂਟੀ ਨਾਰਕੋਟਿਕਸ ਕੰਟਰੋਲ ਸੈਲ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਜਗਦੀਸ਼ ਸਿੰਘ ਉਰਫ਼ ਕਾਲੀ (30) ਪੁੱਤਰ ਮਹਿੰਦਰ ਸਿੰਘ ਪਿੰਡ ਗੱਟੀ ਰਾਜੋਕੇ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਵੇਚਦਾ ਹੈ ਅਤੇ ਹੈਰੋਇਨ ਵੇਚਣ ਲਈ ਆਪਣੇ ਮੋਟਰਸਾਈਕਲ ਉੱਤੇ ਫ਼ਿਰੋਜ਼ਪੁਰ ਸ਼ਹਿਰ ਵੱਲ ਆ ਰਿਹਾ ਹੈ।ਪੁਲਸ ਨੇ ਨਾਕਾਬੰਦੀ ਕਰ ਕੇ ਜਗਦੀਸ਼ ਨੂੰ ਫੜਨ ਪਿੱਛੋਂ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 20 ਗ੍ਰਾਮ ਹੈਰੋਇਨ ਮਿਲੀ। ਉਸ ਨੇ ਮੰਨਿਆ ਕਿ ਉਸ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸੰਬੰਧ ਹਨ ਤੇ ਉਸਨੇ ਪਾਕਿਸਤਾਨੋਂ ਮੰਗਵਾਈ ਹੈਰੋਇਨ ਦੀ ਖੇਪ ਬੀ ਐਸ ਐਫ ਦੀ ਚੌਕੀ ਜੱਲੋਕੇ ਦੇ ਏਰੀਏ ਵਿੱਚ ਕੰਡਿਆਲੀ ਤਾਰ ਦੇ ਗੇਟ ਨੰਬਰ 188 ਤੋਂ ਅੱਗੇ ਇੰਡੋ-ਪਾਕਿ ਜ਼ੀਰੋ ਲਾਈਨ ਦੇ ਕੋਲ ਲੁਕੋ ਕੇ ਰੱਖੀ ਹੈ। ਉਨ੍ਹਾਂ ਦੱਸਿਆ ਕਿ ਸਮੱਗਲਰ ਦੀ ਨਿਸ਼ਾਨਦੇਹੀ ਉੱਤੇ ਪੁਲਸ ਨੇ ਐਸ ਪੀ ਰਤਨ ਸਿੰਘ ਬਰਾੜਦੀ ਦੇਖ-ਰੇਖ ਹੇਠ ਬੀ ਐਸ ਐਫ ਦੀ 136 ਬਟਾਲੀਅਨ ਨੂੰ ਨਾਲ ਲੈ ਕੇ ਲੁਕੋ ਕੇ ਰੱਖੀ ਹੈਰੋਇਨ ਬਰਾਮਦ ਕਰ ਲਈ। ਉਨ੍ਹਾਂ ਦੱਸਿਆ ਕਿ ਸਮੱਗਲਰ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਉਸ ਦਾ ਪੁਲਸ ਰਿਮਾਂਡ ਲਿਆ ਹੈਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਕਾਲਾ ਸੰਘਿਆ ਗੋਲੀਕਾਂਡ ਦਾ ਦੋਸ਼ੀ ਮਾਨਿਕ ਬੱਬਰ ਸੋਲਨ ਤੋਂ ਕਾਬੂ




ਜਲੰਧਰ, 12 ਅਗਸਤ (ਪੋਸਟ ਬਿਊਰੋ)- ਕਾਲਾ ਸੰਘਿਆ ਰੋਡ ਦੀ ਵਿਲਾ ਕਾਲੋਨੀ ਦੀ ਇੱਕ ਲੜਕੀ ਨਾਲ ਦੋਸਤੀ ਟੁੱਟਣ ਉੱਤੇ ਉਸ ਦੇ ਘਰ ਫਾਇਰਿੰਗ ਕਰ ਕੇ ਫਰਾਰ ਹੋਏ ਮਾਨਿਕ ਬੱਬਰ ਨੂੰ ਸੀ ਆਈ ਏ ਟੀਮ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਤੋਂ ਗ੍ਰਿਫਤਾਰ ਕਰ ਲਿਆ ਹੈ। ਬਸਤੀ ਬਾਵਾ ਖੇਲ ਦੀ ਸ਼ੇਰ ਸਿੰਘ ਕਾਲੋਨੀ ਦੇ ਮਾਨਿਕ ਬੱਬਰ ਦੇ ਕਬਜ਼ੇ ਵਿੱਚੋਂ ਪੁਲਸ ਨੂੰ ਦੋ ਪਿਸਤੌਲ ਅਤੇ ਪੰਜ ਕਾਰਤੂਸ ਬਰਾਮਦ ਹੋਏ ਹਨ।

ਵਰਨਣ ਯੋਗ ਹੈ ਕਿ ਮਾਨਿਕ ਛੇ ਫਰਵਰੀ 2019 ਨੂੰ ਸੇਹਰਾ ਫੀਲਡ ਵਿੱਚ ਹੋਈ ਦਵਿੰਦਰ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਫਰਾਰ ਚੱਲ ਰਿਹਾ ਸੀ। ਉਸ ਦੇ ਸਾਥੀ ਰਾਜਾ ਗਾਰਡਨ ਦੇ ਵਾਸੀ ਗੁਰਪ੍ਰੀਤ ਸਿੰਘ ਉਰਫ ਗੋਪੀ ਬਾਜਵਾ, ਗੁਰੂ ਅਮਰਦਾਸ ਨਗਰ ਦਾ ਸੁਖਵਿੰਦਰ ਸਿੰਘ ਉਰਫ ਗੋਲਡੀ, ਨਿਊ ਸੰਤ ਨਗਰ ਦਾ ਵਿਕਾਸ ਕਲਿਆਣ ਨੰਨੂ, ਬਸਤੀ ਗੁਜਾਂ ਦਾ ਅਭਿਨੰਦਨ ਸ਼ਰਮਾ ਨੰਦੂ, ਨੀਲਾ ਮਹਿਲ ਦਾ ਪ੍ਰਵੀਨ ਮਹਿਤਾ ਉਰਫ ਚਿੱਦੀ ਅਤੇ ਫਗਵਾੜਾ ਦੇ ਸਤਨਾਮਪੁਰਾ ਦਾ ਭੁਪਿੰਦਰ ਸਿੰਘ ਭਿੰਦਾ ਫੜੇ ਜਾਣ ਪਿੱਛੋਂ ਜੇਲ੍ਹ ਵਿੱਚ ਹਨ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੰਗਲਵਾਰ ਨੂੰ ਤੜਕੇ ਵਿਲਾ ਕਾਲੋਨੀ ਵਿੱਚ ਦੋ ਨੌਜਵਾਨ ਫਾਇਰਿੰਗ ਕਰ ਕੇ ਫਰਾਰ ਹੋ ਗਏ ਸਨ। ਜਾਂਚ ਵਿਚ ਇਹ ਗੱਲ ਨਿਕਲੀ ਕਿ ਫਾਇਰਿੰਗ ਕਰਨ ਵਾਲੇ ਮਾਨਿਕ ਬੱਬਰ ਅਤੇ ਉਸ ਦਾ ਸਾਥੀ ਬਸਤੀ ਸ਼ੇਖ ਦਾ ਅਭਿਮੰਨਿਊ ਸ਼ਰਮਾਹਨ। ਦੋਵਾਂ ਦੇ ਖਿਲਾਫ ਧਾਰਾ 307 ਦਾ ਕੇਸ ਦਰਜ ਕਰ ਕੇ ਤਲਾਸ਼ ਸ਼ੁਰੂ ਕੀਤੀ ਗਈ ਤਾਂ ਸੀ ਆਈ ਏ ਸਟਾਫ ਦੇ ਇੰਚਾਰਜ ਰਮਨਦੀਪ ਸਿੰਘ ਨੂੰ ਸੂਚਨਾ ਮਿਲੀ ਕਿ ਬੱਬਰ ਸੋਲਨ ਵਿੱਚ ਹੈ। ਇਸ ਦੇ ਬਾਅਦ ਟੀਮ ਨੇ ਛਾਪਾ ਮਾਰ ਕੇ ਉਸ ਨੂੰ ਫੜ ਲਿਆ। ਫਾਇਰਿੰਗ ਵਿੱਚ ਵਰਤੇ ਗਏ ਪਿਸਤੌਲ ਬਰਾਮਦ ਕੀਤੇ ਗਏ ਹਨ। ਮਾਨਿਕ ਹਿਮਾਚਲ ਪ੍ਰਦੇਸ਼ ਦੇ ਕਸੌਲ ਤੋਂ ਚਰਸ ਦੀ ਤਸਕਰੀ ਕਰਦਾ ਸੀ। ਉਸ ਦੇ ਖਿਲਾਫ ਥਾਣਾ ਆਦਮਪੁਰ ਵਿੱਚ ਨਸ਼ਾ ਤਸਕਰੀ ਦਾ ਇੱਕ ਕੇਸ ਵੀ ਦਰਜ ਹੈ। ਸੇਹਰਾ ਫੀਲਡ ਹੱਤਿਆਕਾਂਡ ਵਿੱਚ ਫਰਾਰ ਹੋਣ ਦੇ ਬਾਅਦ ਉਹ ਭੋਪਾਲ, ਮੁੰਬਈ, ਮੋਹਾਲੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਰੁਕਿਆ ਸੀ।

# ਕਾਂਗਰਸੀ ਮੰਤਰੀਆਂ ਨੂੰ ਬਰਖ਼ਾਸਤ ਕਰਨ ਲਈ ‘ਆਪ’ ਪਾਰਟੀ ਵੱਲੋਂ ਗਵਰਨਰ ਨੂੰ ਮੰਗ ਪੱਤਰ



ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਕਾਂਗਰਸ ਸਰਕਾਰ ਦੇ ਬਦਨਾਮ ਮੰਤਰੀਆਂ ਦੀ ਤੁਰੰਤ ਬਰਖ਼ਾਸਤਗੀ ਦੀ ਮੰਗ ਲਈ ਆਮ ਆਦਮੀ ਪਾਰਟੀਦਾ ਵਫ਼ਦ ਗਵਰਨਰ ਵੀ ਪੀ ਸਿੰਘ ਬਦਨੌਰ ਨੂੰ ਮਿਲਿਆ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠਲ ਵਫ਼ਦ ਵਿੱਚ ਵਿਧਾਇਕ ਪ੍ਰਿੰਸੀਪਲ ਬੁੱਧਰਾਮ, ਗੁਰਮੀਤ ਸਿੰਘ ਮੀਤ ਹੇਅਰ, ਕੁਲਵੰਤ ਸਿੰਘ ਪੰਡੋਰੀ, ਮਨਜੀਤ ਸਿੰਘ ਬਿਲਾ-ਸਪੁਰ, ਜੈ ਸਿੰਘ ਰੋੜੀ ਤੇ ਮਾਸਟਰ ਬਲਦੇਵ ਸਿੰਘ ਸ਼ਾਮਲ ਸਨ।

ਇਸ ਵਫ਼ਦ ਨੇ ਗਵਰਨਰ ਨੂੰ ਦਿਤੇ ਮੰਗ ਪੱਤਰ ਵਿੱਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਰਾਣਾ ਗੁਰਮੀਤ ਸਿੰਘ ਸੋਢੀ, ਬਲਬੀਰ ਸਿੰਘ ਸਿੱਧੂ, ਸੁੰਦਰ ਸ਼ਾਮ ਅਰੋੜਾ ਅਤੇ ਭਾਰਤ ਭੂਸ਼ਨ ਆਸ਼ੂ ਉੱਤੇ ਬਹੁ ਕਰੋੜੀ ਘੁਟਾਲੇ ਕਰਨ ਦਾ ਦੋਸ਼ ਲਾ ਕੇ ਇਨ੍ਹਾਂ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਨ ਅਤੇ ਇਨ੍ਹਾਂ ਉੱਤੇ ਫ਼ੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਗਵਰਨਰ ਨੂੰ ਮਿਲਣ ਪਿੱਛੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੱਤਾਧਾਰੀ ਕਾਂਗਰਸ ਦੇ ਅੱਧਾ ਦਰਜਨ ਮੰਤਰੀ ਨਾ ਕੇਵਲ ਭ੍ਰਿਸ਼ਟਾਚਾਰ ਦੇ ਵੱਡੇ ਕੇਸਾਂ ਵਿੱਚ ਘਿਰੇ ਹਨ, ਸਗੋਂ ਬਦਨਾਮ ਹੋ ਚੁੱਕੇ ਹਨ। ਮੁੱਖ ਮੰਤਰੀ ਅਤੇ ਕਾਂਗਰਸ ਹਾਈਕਮਾਨ ਸਮੇਤ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਜ਼ੁਬਾਨ ਇਨ੍ਹਾਂ ਵਿਰੁੱਧ ਨਹੀਂ ਖੁੱਲ੍ਹੀ, ਕਾਰਵਾਈ ਕਰਨਾ ਤਾਂ ਦੂਰ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਮ ਆਦਮੀ ਪਾਰਟੀ ਨੇ ਇਨ੍ਹਾਂ ਭ੍ਰਿਸ਼ਟ ਮੰਤਰੀਆਂ ਨੂੰ ਬਰਖ਼ਾਸਤ ਕਰਨ ਲਈ ਰਾਜਪਾਲ ਨੂੰ ਬੇਨਤੀ ਕੀਤੀ ਹੈ।

# ਨਾਇਬ ਤਹਿਸੀਲਦਾਰ ਤੇ ਪਟਵਾਰੀ ਦੇ 14 ਅੱਡਿਆਂ ਉਤੇ ਈ ਡੀ ਵੱਲੋਂ ਛਾਪੇ

*** ਸਿਓਂਕ ਪਿੰਡ ਦੀ 1295 ਏਕੜ ਜ਼ਮੀਨ ਦੀ ਗਲਤ ਮੁਟੇਸ਼ਨ ਦਾ ਮਾਮਲਾ**

ਜਲੰਧਰ, 12 ਅਗਸਤ (ਪੋਸਟ ਬਿਊਰੋ)- ਮੋਹਾਲੀ ਦੇ ਸਿਓਂਕ ਪਿੰਡ ਦੀ 1295 ਏਕੜ ਸ਼ਾਮਲਾਟ ਜ਼ਮੀਨ ਦੀ ਗਲਤ ਮੁਟੇਸ਼ਨ ਦੇ ਮਾਮਲੇ ਵਿੱਚ ਈ ਡੀ ਜਲੰਧਰ ਨੇ ਚੰਡੀਗੜ੍ਹ ਤੇ ਪੰਜਾਬ ਵਿੱਚ 14 ਟਿਕਾਣਿਆਂ ਉੱਤੇ ਛਾਪਾ ਮਾਰਿਆ। ਇਹ ਛਾਪਾ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਹੇਠ ਤਤਕਾਲੀ ਨਾਇਬ ਤਹਿਸੀਲਦਾਰ ਵਰਿੰਦਰਪਾਲ ਸਿੰਘ ਧੂਤ, ਪਟਵਾਰੀ ਇਕਬਾਲ ਸਿੰਘ, ਪ੍ਰਾਪਰਟੀ ਡੀਲਰ ਸ਼ਾਮ ਲਾਲ, ਨੰਬਰਦਾਰ ਗੁਰਨਾਮ ਸਿੰਘ ਅਤੇ ਹੋਰਨਾਂ ਖਿਲਾਫ 1295 ਏਕੜ ਸ਼ਾਮਲਾਟ ਦਾ ਗਲਤ ਮੁਟੇਸ਼ਨ ਦਰਜ ਕਰਨ ਦੇ ਸਬੰਧ ਵਿੱਚ ਮਾਰਿਆ ਗਿਆ ਹੈ। ਪਿਛਲੇ ਸਾਲ ਨਵੰਬਰ ਵਿੱਚ ਵਿਜੀਲੈਂਸ ਨੇ ਇਸ ਸਬੰਧੀ ਮਾਮਲਾ ਦਰਜ ਕੀਤਾ ਸੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇਸੇ ਸਾਲ ਮਾਰਚ ਵਿੱਚ ਇਨਫੋਰਸਮੈਂਟ ਕੇਸ ਦੀ ਇਨਫਰਮੇਸ਼ਨ ਰਿਪੋਰਟ (ਈ ਸੀ ਆਈ ਆਰ) ਵੀ ਦਰਜ ਕੀਤੀ ਸੀ। ਕੱਲ੍ਹ ਈ ਡੀ ਦੀਆਂ ਟੀਮਾਂ ਨੇ ਚੰਡੀਗੜ੍ਹ ਵਿੱਚ ਧੂਤ ਦੀ ਰਿਹਾਇਸ਼, ਪਟਵਾਰੀ ਅਤੇ ਪ੍ਰਾਪਰਟੀ ਡੀਲਰਾਂ ਦੇ ਮੋਹਾਲੀ ਵਿੱਚ ਛੇ ਥਾਵਾਂ ਅਤੇ ਹੁਸ਼ਿਆਰਪੁਰ ਵਿੱਚ ਧੂਤ ਨਾਲ ਸਬੰਧਤ ਦੋ ਥਾਵਾਂ ਅਤੇ ਲੁਧਿਆਣਾ ਵਿੱਚ ਉਸ ਦੇ ਸਹੁਰੇ ਘਰ ਵੀ ਛਾਪਾ ਮਾਰਿਆ। ਇਸ ਛਾਪੇ ਵਿੱਚ ਸ਼ਾਮਲ ਈ ਡੀ ਜਲੰਧਰ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਰੀਆਂ ਥਾਵਾਂ ਤੋਂ ਦਸਤਾਵੇਜ਼, ਬੈਂਕ ਖਾਤਿਆਂ ਦੀ ਜਾਣਕਾਰੀ ਵਜੋਂ ਕੁਝ ਸਬੂਤ ਮਿਲੇ ਹਨ।

ਕਰੋੜਾਂ ਰੁਪਏ ਦੀ 1295 ਏਕੜ ਸ਼ਾਮਲਾਟ ਜ਼ਮੀਨ ਨੂੰ ਟਿਕਾਣੇ ਲਗਾਉਣ ਵਾਲੇ ਮੋਹਾਲੀ ਦੇ ਤਤਕਾਲੀ ਨਾਇਬ ਤਹਿਸੀਲਦਾਰ ਵਰਿੰਦਰਪਾਲ ਸਿੰਘ ਧੂਤ ਨੇ ਭ੍ਰਿਸ਼ਟਾਚਾਰ ਦਾ ਨੈਟਵਰਕ ਇੰਨਾ ਮਜ਼ਬੂਤ ਬਣਾਇਆ ਹੋਇਆ ਸੀ ਕਿ ਉਸ ਦੇ ਸਾਹਮਣੇ ਅਫਸਰਸ਼ਾਹੀ ਬੌਣੀ ਨਜ਼ਰ ਆਉਂਦੀ ਸੀ। ਤਹਿਸੀਲ ਕੰਪਲੈਕਸ ਵਿੱਚ ਦਿਨ ਦੇ ਬਜਾਏ ਧੂਤ ਦੇਰ ਰਾਤ ਤਕ ਬੈਠ ਕੇ ਰੈਵੇਨਿਊ ਰਜਿਸਟੇਰਸ਼ਨ ਕਰਦਾ ਸੀ। ਸਾਰੀ ਹੇਰਾਫੇਰੀ ਅਫਸਰਸ਼ਾਹੀ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਉਸ ਦੇ ਖਿਲਾਫ ਕਾਰਵਾਈ ਕਰਨ ਦੀ ਹਿੰਮਤ ਕਿਸੇ ਅਧਿਕਾਰੀ ਦੀ ਨਹੀਂ ਸੀ। ਮੋਹਾਲੀ ਦੇ ਜ਼ੀਰਕਪੁਰ ਖੇਤਰ ਦੇ ਨਿੱਜੀ ਬਿਲਡਰਾਂ ਵੱਲੋਂ ਬਣਾਏ ਰਿਹਾਇਸ਼ੀ ਅਤੇ ਕਮਰਸ਼ੀਅਲ ਪ੍ਰੋਜੈਕਟ ਧੂਤ ਦੇ ਨਿਸ਼ਾਨੇ ਉੱਤੇ ਸਨ। ਇਨ੍ਹਾਂ ਦੀ ਰਜਿਸਟੇਰਸ਼ਨ ਦੇ ਲਈ ਧੂਤ ਦੇ ਦਫਤਰ ਤੋਂ ਭ੍ਰਿਸ਼ਟਾਚਾਰ ਦਾ ਰੇਟ ਨਿਕਲਦਾ ਸੀ।

# ਫੋਨ ਉਤੇ ਬਹਿਸ ਪਿੱਛੋਂ ਲੜਕੀ ਦੇ ਘਰ ਵਿੱਚ ਵੜ ਕੇ ਫਾਇਰਿੰਗ



ਜਲੰਧਰ, 12 ਅਗਸਤ (ਪੋਸਟ ਬਿਊਰੋ)- ਇਸ ਸ਼ਹਿਰ ਦੀ ਘਾਹ ਮੰਡੀ ਨੇੜੇ ਬਿੱਲਾ ਕਾਲੋਨੀ ਵਿੱਚ ਦੇਰ ਰਾਤ ਗਰਲ-ਫਰੈਂਡ ਨਾਲ ਨਾਰਾਜ਼ ਨੌਜਵਾਨ ਨੇ ਉਸ ਦੇ ਘਰ ਵਿੱਚ ਵੜ ਕੇ ਫਾਇਰਿੰਗ ਕਰ ਦਿੱਤੀ। ਥਾਣਾ ਭਾਰਗਵ ਕੈਂਪ ਦੀ ਪੁਲਸ ਨੇ ਜਾਂਚ ਵਿੱਚ ਦੋਸ਼ੀ ਪਾਏ ਗਏ ਬਸਤੀ ਬਾਵਾ ਖੇਲ ਦੇ ਵਸਨੀਕ ਮਾਨਿਕ ਬੱਬਰ ਤੇ ਉਸ ਦੇ ਦੋਸਤ ਅਭਿਮੰਨਿਊ ਦੇ ਖਿਲਾਫ ਕਤਲ ਦੀ ਕੋਸ਼ਿਸ਼ ਅਤੇ ਆਰਮਜ਼ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਡੀ ਸੀ ਪੀ ਇਨਵੈਸਟੀਗੇਸ਼ਨ ਗੁਰਮੀਤ ਸਿੰਘ ਨੇ ਦੱਸਿਆ ਕਿ ਦੇਰ ਰਾਤ ਬਿਰਲਾ ਕਾਲੋਨੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਥਾਣੇ ਵਿੱਚ ਫਾਇਰਿੰਗ ਦੀ ਰਿਪੋਰਟ ਦਰਜ ਕਰਵਾਈ ਸੀ, ਜਿਸ ਪਿੱਛੋਂ ਥਾਣਾ ਭਾਰਗਵ ਕੈਂਪ ਦੀ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਮੁਆਇਨਾ ਕੀਤਾ ਅਤੇ ਜਾਂਚ ਸ਼ੁਰੂ ਕੀਤੀ ਤਾਂ ਇਹ ਗੱਲ ਸਾਹਮਣੇ ਆਈ ਕਿ ਪੀੜਤ ਨੌਜਵਾਨ ਦੀ ਭੈਣ ਦੇ ਮਾਨਿਕ ਬੱਬਰ ਨਾਲ ਰਿਲੇਸ਼ਨ ਖਰਾਬ ਹੋ ਗਏ ਸਨ। ਸੋਮਵਾਰ ਰਾਤ ਮਾਨਿਕ ਦੀ ਉਕਤ ਲੜਕੀ ਨਾਲ ਕਿਸੇ ਗੱਲ ਬਾਰੇ ਬਹਿਸ ਹੋ ਗਈ। ਇਸ ਦੇ ਬਾਅਦ ਦੋਸ਼ੀ ਨੇ ਧਮਕੀ ਦਿੱਤੀ ਤੇ ਉਨ੍ਹਾਂ ਦੇ ਘਰ ਆ ਗਿਆ। ਇੱਕ ਗੋਲੀ ਲੜਕੀ ਦੇ ਘਰ ਦੇ ਅੰਦਰ ਚਲਾਈ ਤਾਂ ਦੂਸਰੀ ਘਰ ਦੇ ਬਾਹਰ। ਪੁਲਸ ਨੇ ਸੱਤ ਘੰਟੇ ਬਾਅਦ ਦੋਵਾਂ ਦੋਸ਼ੀਆਂ ਦੀ ਪਛਾਣ ਕਰ ਕੇ ਪਰਚਾ ਦਰਜ ਕੀਤਾ। ਡੀ ਸੀ ਪੀ ਨੇ ਦੱਸਿਆ ਕਿ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਏਗਾ।

# ਕੈਪਟਨ ਅਤੇ ਪੁੱਤਰ ਵਿਰੁੱਧ ਇਨਕਮ ਟੈਕਸ ਕੇਸ ਦੀ ਸੁਣਵਾਈ ਪਿੱਛੋਂ ਆਦੇਸ਼ ਦੇਣ ਉੱਤੇ ਹਾਈਕੋਰਟ ਵੱਲੋਂ ਰੋਕ



ਚੰਡੀਗੜ੍ਹ, 12 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਖ਼ਿਲਾਫ਼ ਇਨਕਮ ਟੈਕਸ ਦੇ ਡਿਪਟੀ ਡਾਇਰੈਕਟਰ ਵੱਲੋਂ ਹਾਈਕੋਰਟ ਵਿੱਚ ਕੀਤੇ ਹੋਏ ਕੇਸ ਦੀ ਸੁਣਵਾਈ ਦੌਰਾਨ ਹਾਈਕੋਰਟ ਨੇ ਇਨਕਮ ਟੈਕਸ ਦੀਆਂ ਮੁੱਖ ਕੇਸਦੀਆਂ ਅਰਜ਼ੀਆਂ ਬਾਰੇ ਟਰਾਇਲ ਕੋਰਟ ਨੂੰ ਆਦੇਸ਼ ਹਨ ਕਿ ਕੇਸ ਵਿੱਚ ਸੀ ਜੇ ਐਮ ਨੂੰ ਸਬੰਧਤ ਸ਼ਿਕਾਇਤ ਉੱਤੇ ਆਦੇਸ਼ ਜਾਰੀ ਨਹੀਂ ਕਰਨਾ ਚਾਹੀਦਾ। ਇਨਕਮ ਟੈਕਸ ਵੱਲੋਂ ਸ਼ੱਕ ਕੀਤਾ ਗਿਆ ਸੀ ਕਿ ਟਰਾਇਲ ਕੋਰਟ ਇਸ ਕੇਸ ਵਿੱਚ ਰਿਵਿਜ਼ਨਲ ਕੋਰਟ ਵੱਲੋਂ 27 ਨਵੰਬਰ 2018 ਦੀਆਂ ਆਬਜ਼ਰਵੇਸ਼ਨਾਂ ਮੁਤਾਬਕ ਤਾਜ਼ਾ ਆਦੇਸ਼ ਜਾਰੀ ਕਰ ਸਕਦੀ ਹੈ। ਹੇਠਲੀ ਅਦਾਲਤ ਵੱਲੋਂ ਇਨਕਮ ਟੈਕਸ ਕੇਸ ਵਿੱਚ ਕੈਪਟਨ ਤੇ ਉਨ੍ਹਾਂ ਦੇ ਬੇਟੇ ਨੂੰ ਸੰਮਨ ਭੇਜੇ ਗਏ ਸਨ। ਉਨ੍ਹਾਂ ਆਦੇਸ਼ਾਂ ਨੂੰ ਕੈਪਟਨ ਅਤੇ ਉਨ੍ਹਾਂ ਦੇ ਬੇਟੇ ਨੇ ਸੈਸ਼ਨ ਕੋਰਟ ਵਿੱਚ ਚੁਣੌਤੀ ਦਿੰਦੀ ਪਟੀਸ਼ਨ ਦਾਇਰ ਕੀਤੀ ਸੀ। ਸੈਸ਼ਨ ਕੋਰਟ ਨੇ ਸਮਨਿੰਗ ਆਦੇਸ਼ ਰੱਦ ਕਰ ਦਿੱਤਾ ਸੀ, ਜਿਸ ਦੇ ਖ਼ਿਲਾਫ਼ ਇਨਕਮ ਟੈਕਸ ਹਾਈ ਕੋਰਟ ਪੁੱਜਿਆ ਸੀ। ਹੇਠਲੀ ਅਦਾਲਤ (ਸੈਸ਼ਨ ਕੋਰਟ) ਨੇ ਟਰਾਇਲ ਕੋਰਟ ਨੂੰ ਇਸ ਕੇਸ ਵਿੱਚ ਨਵੇਂ ਸਿਰੇ ਤੋਂ ਵਿਚਾਰ ਕਰਨ ਦੇ ਵੀ ਆਦੇਸ਼ ਦਿੱਤੇ ਸਨ।

ਹਾਈ ਕੋਰਟ ਵਿੱਚ ਇਨਕਮ ਟੈਕਸ ਦੇ ਵਕੀਲ ਨੇ ਕਿਹਾ ਕਿ ਜਦੋਂ ਤਕ ਉਹ ਸੈਸ਼ਨ ਕੋਰਟ ਦੇ ਆਦੇਸ਼ ਨੂੰ ਪੂਰੀ ਤਰ੍ਹਾਂ ਚੁਣੌਤੀ ਨਹੀਂ ਦੇ ਦਿੰਦੇ, ਉਦੋਂ ਤਕ ਟਰਾਇਲ ਕੋਰਟ ਅੱਗੇ ਸੁਣਵਾਈ ਨਾ ਕਰੇ।

# ਬਾਘਾਪੁਰਾਣਾ ਵਿਖੇ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਦੀ ਮੀਟਿੰਗ



ਮੋਗਾ, 12 ਅਗਸਤ (ਗਿਆਨ ਸਿੰਘ)- ਅੱਜ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਪਾਰਟੀ ਮੋਗਾ ਦੀ ਹੰਗਾਮੀ ਮੀਟਿੰਗ ਬਾਘਾਪੁਰਾਣਾ (ਨਿਹਾਲ ਸਿੰਘ ਵਾਲਾ ਰੋਡ ) ਵਿਚ ਅਵਤਾਰ ਨਗਰ ਕਾਲੋਨੀ ਵਿੱਖੇ ਹੋਈ। ਜਿਸ ਵਿੱਚ ਪਾਰਟੀ ਦੀਆਂ ਗਤੀਵਿਧੀਆਂ, ਬਠਿੰਡਾ ਵਿਖੇ 16 ਅਗਸਤ ਨੂੰ ਹੋਣ ਵਾਲੀ ਰੈਲੀ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਵਿਸਥਾਰ ਪੂਰਬਕ ਚਰਚਾ ਕੀਤੀ ਗਈ। ਇਸ ਮੌਕੇ ਪਾਰਟੀ ਪ੍ਰੀ ਗਤੀਵਿਧੀਆਂ ਤੇ ਕਾਰਗਜ਼ਾਰੀ ਨੂੰ ਵੇਖਦਿਆਂ ਅਰੁਣ ਕੁਮਾਰ ਪੁੱਤਰ ਹੰਸ ਰਾਜ ਨੂੰ ਵਾਰਡ ਨੰਬਰ 8 ਦਾ ਇੰਚਾਰਜ ਨਿਯੁਕਤ ਕੀਤਾ ਗਿਆ । ਓਹਨਾ ਵੱਲੋਂ ਵਿਸ਼ਵਾਸ਼ ਦੁਆਇਆ ਗਿਆ ਕਿ ਜੋ ਜੁੰਮੇਵਾਰੀ ਪਾਰਟੀ ਨੇ ਸੌਂਪੀ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਜਾਵੇਗੀ। ਇਸ ਮੌਕੇ ਹਾਜਰ ਪਾਰਟੀ ਵਰਕਰ ਮੀਡੀਆ ਆਈ ਟੀ ਸੈੱਲ ਪੰਜਾਬ ਪ੍ਰਧਾਨ ਗੁਰਪ੍ਰੀਤ ਗੈਰੀ ਕੰਬੋਜ, ਸ਼ਹਿਰੀ ਪ੍ਰਧਾਨ ਰਾਜੀਵ ਅਰੋੜਾ, ਟੀ ਐਮ ਸੀ ਯੂਥ ਜਿਲਾ ਪ੍ਰਧਾਨ ਮੰਗਲਦੀਪ ਸਿੱਧੂ, ਹੈਪੀ ਯੂਥ ਪਾਰਟੀ ਆਗੂ ਮੋਗਾ, ਬਾਘਾਪੁਰਾਣਾ ਤੋ ਹਲਕਾ ਇੰਨਚਾਰਜ ਸੰਦੀਪ ਕੁਮਾਰ, ਸਾਹਿਲ,ਦੀਪਕ, ਇੰਦਰਜੀਤ,ਗੱਗੂ, ਮੱਗੂ, ਕਾਲਾ ਹਲਵਾਈ, ਬਿੱਟੂ, ਵਿਸ਼ੂ, ਕਰਨ ਕੁਮਾਰ, ਸੁਭਾਸ ਚੰਦਰ, ਹੰਸ ਰਾਜ, ਚਿਮਨ ਲਾਲ, ਹੈਪੀ ਜੋਤ, ਲਵਪ੍ਰੀਤ, ਬਹਾਦਰ, ਮਨੀ, ਰੈਮਪਾ, ਗੋਨੂੰ ਆਦਿ ਯੂਥ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਲ ਸਨ।

# ਨਰਸਿੰਗ ਐਸੋਸੀਏਸ਼ਨ ਆਪਣੀਆਂ ਮੰਗਾਂ ਮਨਵਾਉਣ ਲਈ ਸਿਰ ਧੜ ਦੀ ਬਾਜ਼ੀ ਲੜੇਗੀ: ਪਰਮਜੀਤ ਸੰਧੂ



ਲੁਧਿਆਣਾ, 12 ਅਗਸਤ (ਗਿਆਨ ਸਿੰਘ)- ਅੱਜ ਪੰਜਾਬ ਸਟੇਟ ਨਰਸਿੰਗ ਐਸੋਸੀਏਸ਼ਨ ਦੀ ਮੀਟਿੰਗ ਲੁਧਿਆਣਾ ਵਿਖੇ ਨਰਸਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀਮਤੀ ਸ਼ਮਿੰਦਰ ਕੌਰ ਘੁੰਮਣ, ਪਰਮਜੀਤ ਕੌਰ ਸੰਧੂ, ਮਨਜੀਤ ਕੌਰ ਧਾਲੀਵਾਲ, ਦੀ ਅਗਵਾਈ ਹੇਠ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਹੋਏ ਪ੍ਰਧਾਨਾਂ ਦੀ ਮੌਜੂਦਗੀ ਵਿੱਚ ਹੋਈ ।

ਇਸ ਮੀਟਿੰਗ ਵਿਚ ਹਰ ਇਕ ਜ਼ਿਲ੍ਹੇ ਤੋਂ ਆਏ ਹੋਏ ਨੁਮਾਇੰਦਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ । ਨਰਸਿੰਗ ਕੇਡਰ ਲਈ ਸਰਕਾਰ ਦੀਆਂ ਮਾਰੂ ਨੀਤੀਆਂ ਬਾਰੇ ਚਾਨਣਾ ਪਾਇਆ ਗਿਆ ਅਤੇ ਜੋ ਵੀ ਸਰਕਾਰ ਨੇ ਨਰਸਿੰਗ ਕੇਡਰ ਨੂੰ ਪੇ ਕਮਿਸ਼ਨ ਦੇ ਵਿਚ ਰਗੜਾ ਲਾਇਆ ਹੈ ਉਸ ਤੇ ਵਿਚਾਰ ਚਰਚਾ ਕੀਤੀ ਗਈ। ਇਸ ਸਮੇਂ ਨਰਸਿੰਗ ਐਸੋਸੀਏਸ਼ਨ ਵੱਲੋਂ ਪੇ ਕਮਿਸ਼ਨ ਦੀਆਂ ਤਰੁੱਟੀਆਂ ਦੀ ਦਰੁਸਤੀ ਕਰਨਾ ਐ ਕੈਟਾਗਿਰੀ ਏਬੀਸੀਡੀ ਨੂੰ ਗਰੇਡ ਪੇ ਮੁਤਾਬਕ ਤਨਖਾਹ ਦੇਣਾ, ਪੰਜਾਬ ਸਰਕਾਰ ਅਧੀਨ ਠੇਕੇ ਤੇ ਕੰਮ ਕਰ ਰਹੇ ਸਟਾਫ ਨਰਸਾਂ ਨੂੰ ਪੱਕਾ ਕਰਨਾ, ਆਊਟਸੋਰਸਿੰਗ ਭਰਤੀ ਬੰਦ ਕਰਨਾ, ਆਦਿ ਉਤੇ ਚਰਚਾ ਹੋਈ।

ਇਸ ਦੌਰਾਨ ਪਰਮਜੀਤ ਸੰਧੂ ਨੇ ਕਿਹਾ ਕਿ ਨਰਸਿੰਗ ਐਸੋਸੀਏਸ਼ਨ ਆਪਣੀਆਂ ਮੰਗਾਂ ਮਨਵਾਉਣ ਲਈ ਸਿਰ ਧੜ ਦੀ ਬਾਜ਼ੀ ਲੜੇਗੀ। ਇਸ ਸਮੇ ਪੰਜਾਬ ਨਰਸਿੰਗ ਐਸੋਸੀਏਸ਼ਨ ਵੱਲੋਂ ਇੱਕ ਸਾਂਝਾ ਫਰੰਟ ਦੀ ਚੋਣ ਕੀਤੀ ਗਈ ਜਿਸ ਵਿਚ ਸਟੇਟ ਬਾਡੀ ਦੇ ਪੰਜ ਰੀਪਰਜ਼ੈਂਟੇਟਿਵ ਚੁਣੇ ਗਏ ਅਤੇ ਹਰ ਇੱਕ ਡਿਸਟਿਕ ਦੇ ਵਿੱਚੋਂ ਇੱਕ ਕਨਵੀਨਰ ਬਣਾ ਦਿੱਤਾ ਗਿਆ। ਜੋ ਕਿ ਸਾਰੇ ਡਿਸਟਿਕ ਨੂੰ ਇਕੱਠਿਆਂ ਲੈ ਕੇ ਚੱਲੇਗਾ ਇਸ ਮੀਟਿੰਗ ਦੇ ਵਿੱਚ ਇਹ ਫੈਸਲਾ ਲਿਆ ਗਿਆ ਕਿ ਨਰਸਿੰਗ ਕੇਡਰ ਦੀਆਂ ਮੰਗਾਂ ਨੂੰ ਮਨਵਾਉਣ ਦੇ ਲਈ ਆਉਣ ਵਾਲੇ ਦਿਨ ਦਿਨਾਂ ਵਿਚ ਸਖਤ ਐਕਸ਼ਨ ਕੀਤੇ ਜਾਣੇ ਹਨ।

# ਲੁੱਟਾਂ-ਖੋਹਾਂ ਦੇ ਦੋਸ਼ ਵਿੱਚ ਫੜ੍ਹੇ ਚਾਰ ਜਣੇ ਹਵਾਲਾਤ ਦੀ ਕੰਧ ਤੋੜ ਕੇ ਫ਼ਰਾਰ



ਮੋਗਾ, 12 ਅਗਸਤ (ਪੋਸਟ ਬਿਊਰੋ)- ਥਾਣਾ ਸਦਰ ਪੁਲਸ ਨੇ ਪਿੰਡ ਧੱਲੇਕੇ ਦੇ ਇੱਕ ਬੇਆਬਾਦ ਥਾਂ ਉੱਤੇ ਡਾਕਾ ਮਾਰਨ ਦੀ ਤਿਆਰੀ ਕਰਦੇ ਚਾਰ ਦੋਸ਼ੀਆਂ ਨੂੰ ਫੜਿਆ ਸੀ, ਜਿਨ੍ਹਾਂ ਕੋਲੋਂ ਤੇਜ਼ਧਾਰ ਹਥਿਆਰ ਅਤੇ ਮੋਟਰਸਾਈਕਲ ਬਰਾਮਦ ਹੋਏ ਸਨ। ਪੁਲਸ ਵੱਲੋਂ ਫੜੇ ਗਏ ਵਿਅਕਤੀਅਦਾਲਤ ਵਿੱਚ ਪੇਸ਼ ਕਰਨ ਪਿੱਛੋਂ ਅਗਲੀ ਪੁੱਛਗਿੱਛ ਲਈ ਤਿੰਨ ਦਿਨ ਦੇ ਪੁਲਸ ਰਿਮਾਂਡ ਉੱਤੇ ਥਾਣਾ ਸਦਰ ਦੀ ਹਵਾਲਾਤ ਵਿੱਚ ਬੰਦ ਸਨ। ਉਹ ਅੱਧੀ ਰਾਤ ਹਵਾਲਾਤ ਦੀ ਕੰਧ ਤੋੜ ਕੇ ਫਰਾਰ ਹੋ ਗਏ। ਸਵੇਰੇ ਇਸ ਦਾ ਪਤਾ ਪੁਲਸ ਨੂੰ ਲੱਗਾ ਤਾਂ ਗੱਲ ਉਚ ਅਧਿਕਾਰੀਆਂ ਕੋਲ ਜਾ ਪੁੱਜੀ।

ਇਸ ਦੀ ਜਾਂਚ ਲਈ ਥਾਣਾ ਸਦਰ ਪੁੱਜੇ ਡੀ ਐਸ ਪੀ ਸਿਟੀ ਜਸ਼ਨਦੀਪ ਸਿੰਘ ਨੇ ਦੱਸਿਆ ਕਿ ਸੱਤ ਅਗਸਤ ਨੂੰ ਥਾਣਾ ਸਦਰ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਲੋਕ ਪਿੰਡ ਧੱਲੇਕੇ ਵਿਖੇ ਇੱਕ ਬੇਅਬਾਦ ਥਾਂ ਬੈਠੇ ਡਾਕਾ ਮਾਰਨ ਦੀ ਤਿਆਰੀ ਵਿੱਚ ਹਨ ਅਤੇ ਉਨ੍ਹਾਂ ਕੋਲ ਤੇਜ਼ਧਾਰ ਹਥਿਆਰ ਹਨ। ਪੁਲਸ ਨੇ ਸੂਚਨਾ ਉੱਤੇ ਜਗਜੀਤ ਸਿੰਘ ਉਰਫ਼ ਲਾਡੀ ਪੁੱਤਰ ਮਲੂਕ ਸਿੰਘ, ਮੋਗਾ ਰੋਡ ਬਾਘਾਪੁਰਾਣਾ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਸਤਪਾਲ ਸਿੰਘ ਪਿੰਡ ਆਲਮਵਾਲਾ, ਰਵਿੰਦਰ ਸਿੰਘ ਉਰਫ਼ ਰਵੀ ਪੁੱਤਰ ਜਗਜੀਤ ਸਿੰਘ ਪਿੰਡ ਰਡਿਆਲਾ ਅਤੇ ਜਸਵੰਤ ਸਿੰਘ ਖੁਖਰਾਣਾ ਨੂੰ ਫੜ ਕੇ ਉਨ੍ਹਾਂ ਤੋਂ ਤੇਜ਼ਧਾਰ ਹਥਿਆਰ ਤੇ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਸਨ। ਉਨ੍ਹਾਂ ਕਿਹਾ ਕਿ ਫੜੇ ਗਏ ਦੋਸ਼ੀਆਂ ਵਿਰੁੱਧ ਥਾਣਾ ਸਦਰ ਵਿੱਚ ਕੇਸ ਦਰਜ ਕੀਤਾ ਗਿਆ ਸੀ ਤੇ ਉਹ ਤਿੰਨ ਦਿਨ ਦੇ ਪੁਲਸ ਰਿਮਾਂਡ ਉਤੇ ਥਾਣਾ ਸਦਰ ਦੀ ਹਵਾਲਾਤ ਵਿੱਚ ਬੰਦ ਸਨ,ਪਰ ਰਾਤ ਹਵਾਲਾਤ ਦੀ ਅੰਦਰਲੀ ਕੰਧ ਵਿੱਚੋਂ ਇੱਟਾਂ ਕੱਢ ਕੇ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਘਟਨਾ ਤੋਂ ਬਾਅਦਵਿੱਚ ਜਸਵੰਤ ਸਿੰਘ ਖੁਖਰਾਣਾ ਤੇ ਜਗਜੀਤ ਸਿੰਘ ਲਾਡੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਬਾਕੀ ਫ਼ਰਾਰ ਹੋਏ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਪੁਲਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ।



# ਚੜੂੰਨੀ ਦਾ ਸਪੱਸ਼ਟੀਕਰਨ, ਨਾ ਮੈਂ ਕੋਈ ਪਾਰਟੀ ਬਣਾਈ ਤੇ ਨਾ ਕਿਸੇ ਪਾਰਟੀ ਵਿੱਚ ਸ਼ਾਮਲ ਹਾਂ

ਕਰਨਾਲ, 12 ਅਗਸਤ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਗੁਰਨਾਮ ਸਿੰਘ ਚੜੂੰਨੀ ਨੇ ਇੱਕ ਵੀਡੀਓ ਜਾਰੀ ਕਰਕੇ ਕਿਹਾ ਹੈ ਕਿ ''ਮੈਂ ਕੋਈ ਰਾਜਨੀਤਕ ਪਾਰਟੀ ਨਹੀਂ ਬਣਾਈ, ਨਾ ਮੈਂ ਪੰਜਾਬ ਦੇ ਮੁੱਖ ਮੰਤਰੀ ਦਾ ਚਿਹਰਾ ਹਾਂ, ਨਾ ਕਿਸੇ ਪਾਰਟੀ ਨੂੰ ਆਪਣਾ ਸਮਰਥਨ ਦਿੱਤਾ ਹੈ ਅਤੇ ਨਾ ਹੀ ਮੈਂ ਚੋਣ ਲੜਾਂਗਾ, ਮੈਂ ਸਿਰਫ਼ ਪੰਜਾਬ ਦੇ ਵਪਾਰੀਆਂ ਨੂੰ ਸਮਰਥਨ ਦੇਣ ਗਿਆ ਸੀ, ਕਿਉਂਕਿ ਮੇਰਾ ਮੰਨਣਾ ਹੈ ਕਿ ਕਿਸਾਨਾਂ ਦੀ ਜੋ ਹਾਲਤ ਹੋ ਰਹੀ ਹੈ,ਉਸ ਦੀਆਂ ਜ਼ਿੰਮੇਵਾਰ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਹਨ, ਜਿਨ੍ਹਾਂ ਨੇ ਕਿਸਾਨਾਂ ਲਈ ਕੁਝ ਨਹੀਂ ਕੀਤਾ। ਇਸ ਲਈ ਕਿਸਾਨ ਸੜਕਾਂ ਉਤੇ ਧੱਕੇ ਖਾ ਰਹੇ ਹਨ। ਅਸੀਂ ਪੰਜਾਬ ਦੀਆਂਰਿਵਾਇਤੀ ਪਾਰਟੀਆਂ ਤੋਂ ਪਿੱਛਾ ਛੁਡਾਉਣ ਲਈ ਵਪਾਰੀਆਂ ਦੇ ਸੰਮੇਲਨ ਵਿੱਚ ਗਏ ਸਾਂ ਅਤੇ ਇਨ੍ਹਾਂਰਿਵਾਇਤੀ ਪਾਰਟੀਆਂ ਤੋਂ ਪੰਜਾਬ ਦੇ ਲੋਕਾਂ ਨੂੰ ਪਿੱਛਾ ਛੁਡਾਉਣ ਲਈ ਕਿਹਾ ਹੈ।''



ਗੁਰਨਾਮ ਸਿੰਘ ਚੜੂੰਨੀ ਨੇ ਕਿਹਾ, ''ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਪੰਚਾਇਤੀ ਲੋਕ ਅੱਗੇ ਆਉਣ, ਨਵੇਂ ਚਿਹਰੇ ਰਾਜਨੀਤੀ ਵਿੱਚ ਆ ਕੇ ਚੰਗੇ ਕੰਮ ਕਰਨ, ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਇਆ ਜਾਵੇ, ਮਿਸ਼ਨ ਪੰਜਾਬ ਨੂੰ ਸਫ਼ਲ ਬਣਾਉਣ ਲਈ ਕਿਸਾਨਾਂ ਦੇ ਹੱਕ ਦੀ ਗੱਲ ਕਰਨ ਵਾਲੇ ਨਵੇਂ ਚਿਹਰੇ ਵਾਲੇ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਪੰਜਾਬ ਦੇ ਚੰਗੇ ਲੋਕ ਅੱਗੇ ਆਉਣ ਅਤੇ ਪੰਜਾਬ ਵਾਸੀਆਂ ਨੂੰ ਅਪੀਲ ਕਰਾਂਗੇ ਕਿ ਚੰਗੇ ਲੋਕਾਂ ਦਾ ਸਮਰਥਨ ਕੀਤਾ ਜਾਵੇ, ਜੋ ਕਿਸਾਨਾਂ ਦੇ ਹੱਕ ਦੀ ਗੱਲ ਕਰਨ, ਉਨ੍ਹਾਂ ਦਾ ਪੂਰਾ ਸਮਰਥਨ ਕੀਤਾ ਜਾਵੇ ਤਾਂ ਸਾਡੇ ਅੰਦੋਲਨ ਨੂੰ ਤਾਕਤ ਮਿਲੇਗੀ। ਉਨ੍ਹਾਂ ਕਿਹਾ, 'ਮੈਂ ਖੁਦ ਨਾ ਮੁੱਖ ਮੰਤਰੀ ਦਾ ਚਿਹਰਾ ਹੋਵਾਂਗਾ ਅਤੇ ਨਾ ਕਦੇ ਪੰਜਾਬ ਤੋਂ ਚੋਣ ਲੜਾਂਗਾ। ਪੰਜਾਬ ਦੇ ਚੰਗੇ ਲੋਕ ਅੱਗੇ ਆਉਣ ਤੇ ਮਿਸ਼ਨ ਪੰਜਾਬ ਨੂੰ ਕਾਮਯਾਬ ਬਣਾਉਣ।'' ਉਨ੍ਹਾਂ ਕਿਹਾ, ''ਮੈਨੂੰ ਜਾਣ-ਬੁੱਝ ਕੇ ਇੱਕ ਸਾਜ਼ਿਸ਼ ਤਹਿਤ ਬਦਨਾਮ ਕਰਨ ਲਈ ਮੀਡੀਆ ਵਿੱਚ ਇਹ ਗੱਲਾਂ ਫੈਲਾਈਆਂ ਜਾ ਰਹੀਆਂ ਹਨ ਕਿ ਗੁਰਨਾਮ ਸਿੰਘ ਚੜੂੰਨੀ ਨੇ ਪਾਰਟੀ ਬਣਾ ਲਈ ਅਤੇ ਪੰਜਾਬ ਤੋਂ ਉਹਮੁੱਖ ਮੰਤਰੀ ਦਾ ਚਿਹਰਾ ਹੋਣਗੇ, ਇਹ ਕੋਰਾ ਝੂਠ ਹੈ। ਮੈਂ ਕਿਸਾਨੀ ਅੰਦੋਲਨ ਨਾਲ ਜੁੜਿਆ ਹਾਂ, ਜੁੜਿਆ ਰਹਾਂਗਾ ਅਤੇ ਪੰਜਾਬ ਤੋਂ ਕਿਸੇ ਤਰ੍ਹਾਂ ਦੀ ਚੋਣ ਨਹੀਂ ਲੜਾਂਗਾ।'' ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅੰਦੋਲਨ ਉਸੇ ਤਰ੍ਹਾਂ ਚਲਦਾ ਰਹੇਗਾ ਅਤੇ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਤਨ ਮਨ ਧਨ ਨਾਲ ਸਹਿਯੋਗ ਕੀਤਾ ਜਾਏ।

### ਚੀਫ਼ ਸੈਕਟਰੀ ਅੰਸ਼ੂ ਪ੍ਰਕਾਸ਼ ਕੁੱਟਮਾਰ ਕੇਸ:

# ਅਰਵਿੰਦ ਕੇਜਰੀਵਾਲ ਤੇ ਮੁਨੀਸ਼ ਸਿਸੋਦੀਆ ਅਦਾਲਤ ਵਿੱਚੋਂ ਬਰੀ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਨੂੰ ਤਿੰਨ ਸਾਲ ਬਾਅਦ ਵੱਡੀ ਰਾਹਤ ਮਿਲੀ ਹੈ। ਏਥੋਂ ਦੀ ਰਾਊਜ ਐਵੀਨਿਊ ਕੋਰਟ ਨੇ ਆਪਣੇ ਫ਼ੈਸਲੇਵਿੱਚ ਦਿੱਲੀ ਦੇ ਸਾਬਕਾ ਚੀਫ ਸੈਕਟਰੀ ਅੰਸ਼ੂ ਪ੍ਰਸਾਦ ਨਾਲ ਕੁੱਟਮਾਰ ਦੇ ਕੇਸ ਵਿੱਚ ਅਮਾਨਤੁੱਲਾ ਖ਼ਾਨ ਅਤੇ ਪ੍ਰਕਾਸ਼ ਜਾਰਵਾਲ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਬਰੀ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਅੰਸ਼ੂ ਪ੍ਰਕਾਸ਼ ਨਾਲ ਕੁੱਟਮਾਰ ਕਰਨ ਤੇ ਬਦਸਲੂਕੀ ਦੇ ਕੇਸ ਵਿੱਚ ਮੁੱਖ




ਮੰਤਰੀ ਅਰਵਿੰਦ ਕੇਜਰੀਵਾਲ ਅਤੇ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ 11 ਵਿਧਾਇਕਾਂ ਦੇ ਨਾਂ ਵੀ ਸ਼ਾਮਲ ਸਨ। ਫ਼ਰਵਰੀ 2018 ਵਿੱਚ ਦਿੱਲੀ ਦੇ ਓਦੋਂ ਦੇ ਚੀਫ ਸੈਕਟਰੀ ਅੰਸ਼ੂ ਪ੍ਰਕਾਸ਼ ਨੇ ਮੁੱਖ ਮੰਤਰੀ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਉੱਤੇ ਮੁੱਖ ਮੰਤਰੀ ਰਿਹਾਇਸ਼ ਵਿੱਚ ਕੁੱਟਮਾਰ ਕਰਨ ਦਾ ਦੋਸ਼ ਲਾਇਆ ਸੀ।ਇਸ ਕੇਸ ਵਿੱਚ ਦਿੱਲੀ ਪੁਲਸ ਨੇ ਚਾਰਜਸ਼ੀਟ ਵੀ ਦਾਖ਼ਲ ਕੀਤੀ ਸੀ, ਜਿਸ ਵਿੱਚ ਅਰਵਿੰਦ ਕੇਜਰੀਵਾਲ ਤੇ ਮੁਨੀਸ਼ ਸਿਸੋਦੀਆ ਨੂੰ ਵੀ ਦੋਸ਼ੀ ਬਣਾਇਆ ਗਿਆ ਸੀ। ਰਾਊਜ ਐਵੀਨਿਊ ਕੋਰਟ ਦੇ ਫ਼ੈਸਲੇ ਤੋਂ ਬਾਅਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੀ ਅਦਾਲਤ ਵੱਲੋਂ ਚੀਫ ਸੈਕਟਰੀ ਦੀ ਕੁੱਟਮਾਰ ਦੇ ਕੇਸ ਵਿੱਚ ਦੋਸ਼ ਮੁਕਤ ਹੋ ਕੇ ਸੁੱਖ ਦਾ ਸਾਹ ਲਿਆ ਹੈ।

## ਅਭਿਸ਼ੇਕ ਬੈਨਰਜੀ ਸਮੇਤ ਟੀ ਐਮ ਸੀ ਦੇ ਆਗੂਆਂ ਦੇ ਖ਼ਿਲਾਫ ਤ੍ਰਿਪੁਰਾ ਵਿੱਚ ਕੇਸ ਦਰਜ

ਅਗਰਤਲਾ, 12 ਅਗਸਤ (ਪੋਸਟ ਬਿਊਰੋ)- ਤ੍ਰਿਪੁਰਾ ਵਿੱਚ ਤ੍ਰਿਣਮੂਲ ਕਾਂਗਰਸ ਦੇ ਕੌਮੀ ਜਨਰਲ ਸੈਕਟਰੀ ਅਭਿਸ਼ੇਕ ਬੈਨਰਜੀ, ਪਾਰਲੀਮੈਂਟ ਮੈਂਬਰ ਐਮ ਡੀ ਡੋਲਾ ਸੇਨ, ਪੱਛਮੀ ਬੰਗਾਲ ਦੇ ਸਿੱਖਿਆ ਮੰਤਰੀ ਬਰਾਤਿਆ ਬਾਸੂ ਅਤੇ ਪਾਰਟੀ ਦੇ ਹੋਰਨਾਂ ਸੀਨੀਅਰ ਆਗੂਆਂ ਦੇ ਖ਼ਿਲਾਫ ਪੁਲਸ ਅਧਿਕਾਰੀਆਂ ਦੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਟਿ ਟੀ ਐਮ ਸੀ ਆਗੂਆਂ ਵੱਲੋਂ ਬੀਤੀ ਅੱਠ ਅਗਸਤ ਨੂੰ ਪੁਲਸ ਅਧਿਕਾਰੀਆਂ ਨਾਲ ਦੁਰਵਿਹਾਰ ਕਰਨ ਦੇ ਦੋਸ਼ ਹੇਠ ਖੋਵਈ ਥਾਣੇ ਵਿੱਚ ਆਈ ਪੀ ਸੀ ਦੀ ਧਾਰਾ 186 ਤੇ 36 ਦਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਜਾਣਗੇ।

## ਜਾਸੂਸੀ ਕਾਂਡ ਵਿਚ ਸੀ ਜੇ ਆਈ ਦੀ ਨਸੀਹਤ, ਕੋਰਟ ਵਿੱਚ ਪੁੱਛੇ ਸਵਾਲਾਂ ਦੇ ਜਵਾਬ ਸੋਸ਼ਲ ਮੀਡੀਆ ਉਤੇ ਨਾ ਦਿਓ




ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਜਾਸੂਸੀ ਸਾਫਟਵੇਅਰ ਤੇ ਨੇਤਾਵਾਂ, ਪੱਤਰਕਾਰਾਂ, ਜੱਜਾਂ ਦੇ ਨਾਲ ਸਮਾਜਕ ਕਾਰਕੁਨਾਂ ਦੀ ਜਾਸੂਸੀ ਦੇ ਕੇਸ ਵਿੱਚ ਦਾਇਰ ਪਟੀਸ਼ਨਾਂ ਉੱਤੇ ਸੁਪਰੀਮ ਕੋਰਟ ਨੇ ਸੁਣਵਾਈ 16 ਅਗਸਤ ਤਕ ਟਾਲ ਦਿੱਤੀ ਹੈ। ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਐਨ ਵੀ ਰਮੰਨਾ ਦੀ ਅਗਵਾਈ ਵਾਲੀ ਬੈਂਚ ਨੇ ਪਟੀਸ਼ਨਰਾਂ ਉੱਤੇ ਸਖ਼ਤ ਟਿੱਪਣੀ ਅਤੇ ਸੋਸ਼ਲ ਮੀਡੀਆ ਉੱਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਨੇ ਨਸੀਹਤ ਦਿੱਤੀ, 'ਕੋਰਟ ਵਿੱਚ ਜੋ ਸਵਾਲ ਪੁੱਛੇ ਜਾਂਦੇ ਹਨ, ਉਨ੍ਹਾਂ ਦਾ ਜਵਾਬ ਉਥੇ ਹੀ ਦੇਣ, ਸੋਸ਼ਲ ਮੀਡੀਆ ਉੱਤੇ ਨਹੀਂ।'

ਸੀ ਜੇ ਆਈ ਨੇ ਕਿਹਾ, 'ਜੇ ਸੋਸ਼ਲ ਮੀਡੀਆ ਉੱਤੇ ਗੱਲ ਰੱਖਣੀ ਹੈ ਤਾਂ ਅਲੱਗ ਹੈ, ਪ੍ਰੰਤੂ ਇਹ ਪ੍ਰਕਿਰਿਆ ਕੋਰਟ ਦੇ ਬਰਾਬਰ ਨਾ ਚਲਾਓ।' ਜਾਸੂਸੀ ਦਾ ਕੇਸ ਸਾਹਮਣੇ ਆਉਣ ਉੱਤੇ 'ਹਿੰਦੂ ਪ੍ਰਕਾਸ਼ਨ ਗਰੁੱਪ ਦੇ ਡਾਇਰੈਕਟਰ ਐਨ ਰਾਮ, ਰਾਜ ਸਭਾ ਮੈਂਬਰ ਜਾਨ ਬ੍ਰਿਟਾਸ, ਵਕੀਲ ਐਮ ਐਲ ਸ਼ਰਮਾ ਅਤੇ ਏਸ਼ੀਆਨੈਟ ਦੇ ਸੰਸਥਾਪਕ ਸ਼ਸ਼ੀ ਕੁਮਾਰ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕੀਤੀਆਂ ਸਨ। ਚੀਫ ਜਸਟਿਸ ਨੇ ਪਟੀਸ਼ਨਰਾਂ ਨੂੰ ਕਿਹਾ, ''ਅਸੀਂ ਜੋ ਸਵਾਲ ਕੋਰਟ ਵਿੱਚ ਪੁੱਛਦੇ ਹਾਂ, ਉਸ ਦਾ ਜਵਾਬ ਸਾਡੇ ਸਾਹਮਣੇ ਦਿਓ। ਜੇ ਤੁਸੀਂ ਕੋਰਟ ਵਿੱਚ ਕੇਸ ਲੈ ਕੇ ਆਏ ਹੋ ਤਾਂ ਅਨੁਸ਼ਾਸਨ ਜ਼ਰੂਰੀ ਹੋਣਾ ਚਾਹੀਦਾ ਹੈ। ਤੁਹਾਨੂੰ ਕੋਰਟ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ।

# ਆਕਸੀਜਨ ਦੀ ਘਾਟ ਕਾਰਨ ਦੇਸ਼ ਵਿੱਚ ਕੁੱਲ ਇੱਕ ਮੌਤ, ਅਤੇ ਉਹ ਵੀ ਸ਼ੱਕੀ!

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਦਾਅਵਾ ਕੀਤਾ ਕਿ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਆਕਸੀਜਨ ਦੀ ਘਾਟ ਕਰ ਕੇ ਸਿਰਫ ਇੱਕ ਮੌਤ ਹੋਈ ਹੈ, ਜੋ ਇੱਕ ਸੂਬੇ ਨੇ ਰਿਪੋਰਟ ਕੀਤੀ ਹੈ।

ਇਸ ਸੰਬੰਧ ਵਿੱਚ ਭਾਰਤ ਦੇ ਸਿਹਤ ਮੰਤਰਾਲੇ ਵਿੱਚ ਜੁਆਇੰਟ ਸੈਕਟਰੀ ਲਵ ਅਗਰਵਾਲ ਨੇ ਕਿਹਾ, 'ਰਾਜਾਂ ਨੂੰ ਆਕਸੀਜਨ ਦੀ ਘਾਟ ਕਰ ਕੇ ਹੋਣ ਵਾਲੀਆਂ ਮੌਤਾਂ ਬਾਰੇ ਪੁੱਛਿਆ ਸੀ। ਪਾਰਲੀਮੈਂਟ ਵਿੱਚ ਜਦੋਂ ਇਹ ਸਵਾਲ ਪੁੱਛਿਆ ਤਾਂ ਰਾਜਾਂ ਨੂੰ ਖਾਸ ਕਰ ਕੇ ਪੁੱਛਿਆ ਗਿਆ। ਰਿਪੋਰਟਾਂ ਮੁਤਾਬਕ ਅੱਜ



ਤਕ ਇੱਕ ਹੀ ਮੌਤ ਹੋਈ ਹੈ ਤੇ ਸਬੰਧਤ ਰਾਜ ਨੇ ਇਸ ਦਾ ਵੀ ਸ਼ੱਕੀ ਕਹਿ ਕੇ ਹਵਾਲਾ ਦਿੱਤਾ ਹੈ, ਜਦੋਂ ਕਿ ਹੋਰਨਾਂ ਰਾਜਾਂ ਨੇ ਆਕਸੀਜਨ ਦੀ ਘਾਟ ਕਰ ਕੇ ਹੋਣ ਵਾਲੀਆਂ ਮੌਤਾਂ ਦਾ ਕੋਈ ਅੰਕੜਾ ਨਹੀਂ ਦਿੱਤਾ।' ਲਵ ਅਗਰਵਾਲ ਨੇ ਉਸ ਰਾਜ ਦਾ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਵੱਲੋਂ ਮੰਗੀ ਜਾਣਕਾਰੀ ਦਾ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉਤਰਾਖੰਡ ਸਮੇਤ 13 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਹੀ ਜਵਾਬ ਦਿੱਤਾ ਹੈ। ਸੂਤਰਾਂ ਮੁਤਾਬਕ ਪੰਜਾਬ ਨੇ ਜਿਹੜੀ ਜਾਣਕਾਰੀ ਸਾਂਝੀ ਕੀਤੀ ਹੈ, ਉਸ ਵਿੱਚ ਆਕਸੀਜਨ ਦੀ ਕਿੱਲਤ ਕਰ ਕੇ ਚਾਰ ਸ਼ੱਕੀ ਮੌਤਾਂ ਦਾ ਦਾਅਵਾ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਪਿਛਲੇ ਮਹੀਨੇ ਵੀ ਪਾਰਲੀਮੈਂਟ ਵਿੱਚ ਦੱਸਿਆ ਸੀ ਕਿ ਆਕਸੀਜਨ ਦੀ ਕਿੱਲਤ ਕਰ ਕੇ ਕੋਈ ਮੌਤ ਨਹੀਂ ਹੋਈ ਤੇ ਨਾ ਹੀ ਰਾਜਾਂ ਅਤੇ ਯੂ ਟੀਜ਼ ਨੇ ਇਸ ਬਾਰੇ ਕੋਈ ਅੰਕੜੇ ਸਾਂਝੇ ਕੀਤੇ ਹਨ।

## ਜਦੋਂ ਰਾਜ ਸਭਾ ਵਿੱਚ ਵਿਰੋਧੀ ਧਿਰ ਨੇ ਭਾਜੜਾਂ ਪਾਈ ਰੱਖੀਆਂ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਵਿੱਚ ਕੱਲ੍ਹ ਵਿਰੋਧੀ ਪਾਰਟੀਆਂ ਦਾ ਵਿਰੋਧ ਇਸ ਤਰ੍ਹਾਂ ਹੱਦਾਂ ਪਾਰ ਕਰ ਗਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਭਾਜੜਾਂ ਪਾਈ ਰੱਖੀਆਂ।

ਕੱਲ੍ਹ ਦੁਪਹਿਰ ਦੇ ਭੋਜਨ ਤੋ ਬਾਅਦ ਪ੍ਰੀਜ਼ਾਇਡਿੰਗ ਅਧਿਕਾਰੀ ਭੁਵਨੇਸ਼ਵਰ ਕਾਲਿਤਾ ਨੇ ਖੇਤੀਬਾੜੀ ਨਾਲ ਸਬੰਧਤ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਉੱਤੇ ਥੋੜ੍ਹੇ ਸਮੇਂ ਦੀ ਚਰਚਾ ਸ਼ੁਰੂ ਕਰਵਾਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਤਰਾਜ਼ ਕਰਦੇ ਹੋਏ ਹੰਗਾਮਾ ਸ਼ੁਰੂ ਕਰ ਦਿੱਤਾ।ਇਸ ਬੇਮਿਸਾਲ ਘਟਨਾਚੱਕਰ ਵੇਲੇ ਆਮ ਆਦਮੀ ਪਾਰਟੀ ਦੇ ਸੰਜੇ ਸਿੰਘ ਰਾਜ ਸਭਾ ਦੇ ਜਨਰਲ ਸੈਕਟਰੀ ਦੇਸ਼ ਦੀਪਕ ਵਰਮਾ ਦੀ ਮੇਜ਼ ਉੱਤੇ ਚੜ੍ਹ ਗਏ ਅਤੇ ਉਨ੍ਹਾਂ ਦੀ ਵੇਖਾ-ਵੇਖੀ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ, ਸੀ ਪੀ ਆਈ (ਐਮ) ਦੇ ਸ਼ਿਵਦਾਸਨ ਅਤੇ ਭਾਜਪਾ ਦੇ ਵਿਨੇ ਵਿਸ਼ਵਮ ਨੇ ਮੇਜ਼ ਉੱਤੇ ਬੈਠ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੇ ਨਾਲ ਤ੍ਰਿਣਮੂਲ ਕਾਂਗਰਸ ਦੀ ਮੌਸਮ ਨੂਰ



ਵੀ ਮੇਜ਼ ਉੱਤੇ ਬੈਠ ਗਈ। ਕਾਂਗਰਸ ਦੇ ਰਿਪੁਨ ਬੋਰਾ, ਦਿਪੇਂਦਰ ਹੁੱਡਾ ਅਤੇ ਰਾਜਮਨੀ ਪਟੇਲ ਵੀ ਮੇਜ਼ ਉੱਤੇ ਖੜ੍ਹੇ ਹੋ ਗਏ। ਇਸ ਮੌਕੇ ਹਾਊਸ ਵਿਚਲੇ 4-5 ਮਾਰਸ਼ਲਾਂ ਨੇ ਜਨਰਲ ਸੈਕਟਰੀ ਵਰਮਾ ਨੂੰ ਸੁਰੱਖਿਅਤ ਉਥੋਂ ਕੱਢਿਆ ਅਤੇ ਸੰਜੇ ਸਿੰਘ ਦਾ ਹੱਥ ਫੜ ਕੇ ਮੇਜ਼ ਤੋਂ ਉਤਾਰਿਆ। ਇਸ ਦੌਰਾਨ ਕਾਂਗਰਸ, ਡੀ ਐਮ ਕੇ, ਖੱਬੇ ਪੱਖੀ ਪਾਰਟੀਆਂ ਅਤੇ ਆਮ ਆਦਮੀ ਪਾਰਟੀ ਦੇ ਹੋਰ ਮੈਂਬਰ ਰੌਲਾ ਪਾਉਣ ਲੱਗ ਪਏ। ਐਨ ਸੀ ਪੀ ਅਤੇ ਸ਼ਿਵ ਸੈਨਾ ਦੇ ਮੈਂਬਰ ਆਪਣੀਆਂ ਸੀਟਾਂ ਕੋਲ ਖੜ੍ਹੇ ਹੋ ਕੇ ਨਾਅਰੇ ਲਾਉਣ ਲੱਗ ਪਏ। ਹਾਊਸ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਬਣ ਗਿਆ ਅਤੇ ਕਾਰਵਾਈ ਮੁਲਤਵੀ ਕਰਨਾ ਪਈ।

# ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਕਿਹਾ: 'ਹੱਕਾਂ ਦੀ ਲੜਾਈ ਲੜੋ, ਵਰਨਾ ਜ਼ਮੀਨ ਨਹੀਂ ਬਚੇਗੀ'

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਕਿਸਾਨ ਮਹਾਂਪੰਚਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਕਿਸਾਨ ਨੌਂ ਮਹੀਨਿਆਂ ਤੋਂ ਦਿੱਲੀ ਬਾਰਡਰ ਉੱਤੇ ਬੈਠੇ ਹਨ। 9 ਮਹੀਨੇ ਅੰਦੋਲਨ ਕਰਨਾ ਕੋਈ ਛੋਟਾ ਕੰਮ ਨਹੀਂ, ਕਿਸਾਨ ਏਥੋਂਹਟੇਗਾ ਨਹੀਂ, ਏਥੇ ਬਹਿਣ ਦੀ ਸਾਨੂੰਆਦਤ ਪੈ ਗਈ ਹੈ। ਇਹ ਕਿਸਾਨ ਸਰਦੀ-ਗਰਮੀ ਦੇ ਮੌਸਮ ਵਿੱਚ ਵੀ ਡਟੇ ਰਹਿਣਗੇ।

ਟਿਕੈਤ ਨੇ ਕਿਹਾ ਕਿ ਇਸ ਅੰਦੋਲਨ ਕਾਰਨ ਦੁਨੀਆ ਭਰ ਦੇ ਕਿਸਾਨ ਟਰੈਕਟਰ ਚਲਾਉਣਾ ਸਿੱਖ ਗਏ। ਵਿਦੇਸ਼ਾਂ ਵਿੱਚ ਵੀ ਭਾਰਤੀ ਕਿਸਾਨਾਂ ਦਾ ਸਮਰਥਨ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਸਵਾਲ ਇਹ ਹੁੰਦਾ ਹੈ ਕਿ ਸਰਕਾਰ ਕਿਸਾਨਾਂ ਦੀ ਗੱਲ ਕਿਉਂ ਨਹੀਂ ਮੰਨਦੀ। ਉਨ੍ਹਾਂ ਕਿਹਾ; ਜਿਨ੍ਹਾਂ ਨੇ ਪਾਰਟੀ ਬਣਾਈ ਸੀ, ਉਨ੍ਹਾਂ ਨੂੰ ਘਰਾਂ ਵਿੱਚ ਬੰਦ ਕੀਤਾ ਹੋਇਆ ਹੈ, ਉਨ੍ਹਾਂ ਨੂੰ ਬਿਆਨ ਦੇਣ ਦਾ ਵੀ ਅਧਿਕਾਰ ਨਹੀਂ ਹੈ।



ਟਿਕੈਤ ਨੇ ਕਿਹਾ ਕਿ ਇਹ ਕਿਸੇ ਪਾਰਟੀ ਦੀ ਸਰਕਾਰ ਨਹੀਂ, ਸਿਰਫ ਨਰਿੰਦਰ ਮੋਦੀ ਅਤੇ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ, ਜਿਸ ਨੂੰ ਅੰਬਾਨੀ-ਅਡਾਨੀ ਚਲਾ ਰਹੇ ਹਨ।ਉਨ੍ਹਾ ਕਿਹਾ ਕਿ ਇਨ੍ਹਾਂ ਕਾਨੂੰਨਾਂ ਤੋਂ ਬਾਅਦ ਕਿਸਾਨ ਖੇਤੀ ਨਹੀਂ ਕਰ ਸਕਣਗੇ, ਕੰਪਨੀਆਂ ਖੇਤੀ ਕਰਨਗੀਆਂ ਤੇ ਕਿਸਾਨ ਸਿਰਫ ਮਜ਼ਦੂਰੀ ਕਰਨਗੇ, ਪੂਰੇ ਦੇਸ਼ ਦੀਆਂ ਜ਼ਮੀਨਾਂ ਵੱਡੀਆਂ-ਵੱਡੀਆਂ ਕੰਪਨੀਆਂ ਖਰੀਦ ਲੈਣਗੀਆਂ ਤੇ ਕਿਸਾਨ ਸੜਕਾਂ ਤੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਤੁਸੀਂ ਲੜੋ, ਕਿਉਂਕਿ ਆਉਣ ਵਾਲੀਆਂ ਪੀੜੀਆਂ ਲੜਾਈ ਨਹੀਂ ਲੜ ਸਕਣਗੀਆਂ।

ਇਹੀ ਨਹੀਂ, ਟਿਕੈਤ ਨੇ ਕਿਹਾ ਇਨ੍ਹਾਂ ਕਾਨੂੰਨਾਂ ਦਾ ਅਸਲ ਪ੍ਰਭਾਵ 30-50 ਸਾਲਾਂ ਪਿੱਛੋਂ ਦੇਖਣ ਨੂੰ ਮਿਲੇਗਾ, ਭਾਰਤ ਦੀ ਜ਼ਮੀਨ ਬੰਜਰ ਹੋ ਜਾਵੇਗੀ। ਇਸ ਕਰ ਕੇ ਲੜਾਈ ਲੜੋ, ਨਹੀਂ ਤਾਂ ਜ਼ਮੀਨ ਨਹੀਂ ਬਚੇਗੀ। ਇਹ ਲੜਾਈ ਨਸਲਾਂ ਅਤੇ ਫ਼ਸਲਾਂ ਨੂੰ ਬਚਾਉਣ ਲਈ ਹੈ। ਟਿਕੈਤ ਨੇ ਕਿਹਾ ਕਿ ਇਹ ਸਰਕਾਰ ਕਿਸਾਨ ਮੋਰਚੇ ਦੇ ਕਾਬੂ ਵਿੱਚ ਨਹੀਂ ਆ ਰਹੀ, ਜਿਸ ਨੂੰ 500 ਤੋਂ ਜ਼ਿਆਦਾ ਸੰਗਠਨਾਂ ਦਾ ਸਮਰਥਨ ਹੈ।

## ਧਾਰਾ 370 ਹਟਣ ਪਿੱਛੋਂ ਜੰਮੂ-ਕਸ਼ਮੀਰ ਵਿਚ ਮਸਾਂ ਦੋ ਬਾਹਰਲੇ ਲੋਕਾਂ ਨੇ ਜਾਇਦਾਦ ਖਰੀਦੀ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਅਗਸਤ 2019 ਵਿੱਚ ਜੰਮੂ-ਕਸ਼ਮੀਰ ਵਿੱਚ ਧਾਰਾ 370 ਖਤਮ ਕਰ ਦੇਣ ਦੇ ਬਾਅਦ ਤੋਂ ਕੇਵਲ ਦੋ ਬਾਹਰੀ ਲੋਕਾਂ ਨੇ ਦੋ ਓਥੇ ਜਾਇਦਾਦਾਂ ਖਰੀਦੀਆਂ ਹਨ।

ਇਹ ਜਾਣਕਾਰੀ ਭਾਰਤ ਸਰਕਾਰ ਨੇ ਕੱਲ੍ਹ ਲੋਕ ਸਭਾ ਵਿੱਚ ਦਿੱਤੀ। ਅਸਲ ਵਿੱਚ ਸਰਕਾਰ ਤੋਂ ਇਹ ਸਵਾਲ ਕੀਤਾ ਗਿਆ ਸੀ ਕਿ ਧਾਰਾ 370 ਹਟਾਉਣ ਦੇ ਬਾਅਦ ਕੀ ਦੇਸ਼ ਦੇ ਹੋਰ ਰਾਜਾਂ ਦੇ ਲੋਕ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਤੇ ਕਸ਼ਮੀਰ ਵਿੱਚ ਜਾਇਦਾਦ ਖਰੀਦਣ ਦੇ ਇਛੁੱਕ ਹਨ? ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਸ ਦੇ ਲਿਖਤੀ ਜਵਾਬ ਵਿੱਚ ਦੱਸਿਆ ਕਿ ਜੰਮੂ-ਕਸ਼ਮੀਰ ਸਰਕਾਰ ਵੱਲੋਂ ਦਿਤੀ ਜਾਣਕਾਰੀ ਅਨੁਸਾਰ ਜੰਮੂ ਤੇ ਕਸ਼ਮੀਰ ਦੇ ਬਾਹਰ ਦੇ ਸਿਰਫ ਦੋ ਲੋਕਾਂ ਨੇ ਅਗਸਤ 2019 ਤੋਂ ਅੱਜ ਤਕ ਉਸ ਰਾਜ ਵਿੱਚ ਦੋ ਜਾਇਦਾਦਾਂ ਖਰੀਦੀਆਂ ਹਨ। ਮੰਤਰੀ ਨਿਤਿਆਨੰਦ ਰਾਏ ਨੇ ਲੋਕ ਸਭਾ ਵਿੱਚ ਦੱਸਿਆ ਕਿ ਜੰਮੂ ਤੇ ਕਸ਼ਮੀਰ ਵਿੱਚ 1989 ਤੋਂ ਲੈ ਕੇ ਪੰਜ ਅਗਸਤ 2019 ਤਕ ਅੱਤਵਾਦੀ ਘਟਨਾਵਾਂ ਵਿੱਚ 5886 ਸੁਰੱਖਿਆ ਮੁਲਾਜ਼ਮ ਮਾਰੇ ਗਏ ਹਨ ਅਤੇ ਹਾਲਾਤ ਸੁਧਰਨ ਦੀ ਆਸ ਹੈ।

## ਆਸਾਮ ਵਿੱਚ 40 ਸਾਲਾਂ ਵਿੱਚ ਪਹਿਲੀ ਵਾਰ ਉਲਫਾ ਨੇ ਆਜ਼ਾਦੀ ਦਿਵਸ ਦਾ ਬਾਈਕਾਟ ਨਹੀਂ ਕੀਤਾ

ਗੁਹਾਟੀ, 12 ਅਗਸਤ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਯੂਨਾਈਟਿਡ ਲਿਬਰੇਸ਼ਨ ਆਫ ਆਸਾਮ (ਉਲਫਾ) ਨੇ ਆਪਣੇ ਰੁਖ ਵਿੱਚ ਮਹੱਤਵਪੂਰਨ ਬਦਲਾਅ ਕਰਦੇ ਹੋਏ 40 ਸਾਲਾਂ ਵਿੱਚ ਪਹਿਲੀ ਵਾਰ ਆਸਾਮ ਵਿੱਚ ਆਜ਼ਾਦੀ ਦਿਨ ਦੇ ਬਾਈਕਾਟ ਦਾ ਸੱਦਾ ਨਹੀਂ ਦਿੱਤਾ। ਇਸ ਸੰਗਠਨ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ 40 ਵਰ੍ਹਿਆਂ ਵਿੱਚ ਪਹਿਲੀ ਵਾਰ ਉਲਫਾ-ਆਈ ਨੇ ਆਜ਼ਾਦੀ ਦਿਨ ਮੌਕੇ ਕਿਸੇ ਬੰਦ ਜਾਂ ਬਾਈਕਾਟ ਦਾ ਸੱਦਾ ਨਾ ਦੇਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਲੱਗਭਗ ਦੋ ਦਹਾਕਿਆਂ ਤੋਂ ਅੱਤਵਾਦੀ ਸੰਗਠਨ ਉਲਫਾ ਹਰ ਸਾਲ ਆਜ਼ਾਦੀ ਦਿਹਾੜੇ ਦੇ ਨੇੜੇ ਕਈ ਖਤਰਨਾਕ ਗਤੀਵਿਧੀਆਂ ਕਰਦਾ ਰਿਹਾ ਹੈ। ਇਸ ਸੰਗਠਨ ਨੇ ਇਸ ਵਾਰ ਭਾਵੇਂ ਹੀ ਆਜ਼ਾਦੀ ਦਿਹਾੜੇ ਦਾ ਬਾਈਕਾਟ ਕਰਨ ਦਾ ਸੱਦਾ ਨਹੀਂ ਦਿੱਤਾ, ਪਰ ਆਸਾਮ ਵਿੱਚ ਇਹ ਸਮਾਰੋਹ ਮਨਾਉਣ ਉੱਤੇ ਇਹ ਕਹਿ ਕੇ ਇਤਰਾਜ਼ ਕੀਤਾ ਹੈ ਕਿ ਸੂਬਾ ਬਸਤੀਵਾਦੀ ਭਾਰਤ ਦਾ ਹਿੱਸਾ ਕਦੇ ਨਹੀਂ ਸੀ। ਉਲਫਾ-ਆਈ ਨੇ ਕਿਹਾ ਕਿ ਉਹ ਇਤਿਹਾਸਕ ਤੱਥਾਂ ਮੁਤਾਬਕ ਇਸ ਸੰਗਠਨ ਦੇ ਮਕਸਦਾਂ ਅਨੁਸਾਰ ਆਸਾਮ ਦੀ ਪ੍ਰਭੂਸੱਤਾ ਉੱਤੇ ਕੇਂਦਰ ਸਰਕਾਰ ਨਾਲ ਚਰਚਾ ਲਈ ਤਿਆਰ ਹੈ। ਸੰਗਠਨ ਨੇ ਕੇਂਦਰ ਸਰਕਾਰ ਨੂੰ ਇੱਕ ਸੰਵਿਧਾਨਕ ਸੋਧ ਲਿਆਉਣ ਦੀ ਮੰਗ ਕੀਤੀ, ਜਿਸ ਨਾਲ ਚਰਚਾ ਦਾ ਰਾਹ ਸਾਫ ਹੋ ਸਕੇ।

## ਯੂਨਾਈਟਿਡ ਹਿੰਦੂ ਫਰੰਟ ਨੇ ਪੰਜਾਬ ਵਿੱਚ ਅਗਲਾ ਮੁੱਖ ਮੰਤਰੀ ਹਿੰਦੂ ਬਣਾਉਣ ਦੀ ਮੰਗ ਚੁੱਕੀ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਯੂਨਾਈਟਿਡ ਹਿੰਦੂ ਫਰੰਟ ਅਤੇ ਰਾਸ਼ਟਰਵਾਦੀ ਸ਼ਿਵ ਸੈਨਾ ਨੇ ਪੰਜਾਬ ਦਾ ਅਗਲਾ ਮੁੱਖ ਮੰਤਰੀ ਕਿਸੇ ਹਿੰਦੂ ਨੂੰ ਬਣਾਉਣ ਅਤੇ ਅੱਤਵਾਦ ਦੇ ਸਮੇਂ ਦੌਰਾਨ ਬੇਰਹਿਮੀ ਨਾਲ ਮਾਰ ਦਿੱਤੇ ਗਏ ਲੱਗਭਗ 30 ਹਜ਼ਾਰ ਬੇਗੁਨਾਹ ਹਿੰਦੂਆਂ ਦੇ ਪਰਵਾਰਾਂ ਨੂੰ ਸਿੱਖ ਦੰਗਾ ਪੀੜਤਾਂ ਵਾਂਗ ਹੀ ਮੁਆਵਜ਼ਾ ਦੇਣ ਦੀਆਂ ਮੰਗਾਂ ਲਈ ਧਰਨਾ ਦਿੱਤਾ। ਇਸ ਮੌਕੇ ਪੰਜਾਬ ਵਿਚਲੀਆਂ ਸਰਗਰਮ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਜਪਾ, ਬਸਪਾ ਤੇ ਆਮ ਆਦਮੀਪਾਰਟੀ ਦੇ ਪ੍ਰਧਾਨਾਂ ਨੂੰ ਮੰਗ-ਪੱਤਰ ਵੀ ਪੇਸ਼ ਕੀਤਾ ਗਿਆ।

ਇਸ ਮੌਕੇ ਯੂਨਾਈਟਿਡ ਹਿੰਦੂ ਫਰੰਟ ਦੇ ਰਾਸ਼ਟਰੀ ਪ੍ਰਧਾਨ ਤੇ ਸ਼ਿਵ ਸੈਨਾ ਦੇ ਕੌਮੀ ਪ੍ਰਧਾਨ ਜੈ ਭਗਵਾਨ ਗੋਇਲ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਦੀ ਆਬਾਦੀ 40 ਫ਼ੀਸਦੀ ਤੋਂ ਵੱਧ ਹੈ, ਪਰ ਉਨ੍ਹਾ ਦਾ ਸਾਰੀਆਂ ਸਿਆਸੀ ਪਾਰਟੀਆਂ ਨੇ ਸਿਰਫ਼ ਸ਼ੋਸ਼ਣ ਕੀਤਾ ਹੈ। ਸਾਲ 1966 ਤੋਂ ਬਾਅਦ ਕਿਸੇ ਹਿੰਦੂ ਨੂੰ ਮੁੱਖ ਮੰਤਰੀ ਨਹੀਂ ਬਣਾਇਆ ਗਿਆ, ਜਿਸ ਕਰ ਕੇ ਹਿੰਦੂ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿ ਗਏ ਹਨ। ਗੋਇਲ ਨੇ ਕਿਹਾ ਕਿ ਖਾੜਕੂਵਾਦ ਦੇ ਦੌਰ ਵਿੱਚ ਪੰਜਾਬ ਦੇ ਹਿੰਦੂ ਸਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਹੋਏ, ਕਈ ਬੇਗੁਨਾਹ ਹਿੰਦੂਆਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਉਨ੍ਹਾਂ ਦੇ ਪਰਵਾਰ ਵਾਲਿਆਂ ਨੂੰ ਸਿਰਫ਼ 20 ਤੋਂ 50 ਹਜ਼ਾਰ ਰੁਪਏ ਦੇ ਕੇ ਸ਼ਾਂਤ ਕਰ ਦਿੱਤਾ ਗਿਆ। ਇਸ ਤੋਂ ਉਲਟ 1984 ਦੇ ਦੰਗਾ ਪੀੜਤ ਸਿੱਖਾਂ ਦੇ ਪਰਵਾਰਾਂ ਨੂੰ ਲੱਖਾਂ ਦੇ ਮੁਆਵਜ਼ੇ ਦਿੱਤੇ ਗਏ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਪੰਜਾਬ ਵਿਚਲੇ ਹਿੰਦੂਆਂ ਦੇ ਲਗਾਤਾਰ ਸ਼ੋਸ਼ਣ ਵਿਰੁੱਧ ਇੱਕਜੁੱਟਤਾ ਵਿਖਾਈ ਜਾਵੇ।

## ਰਾਹੁਲ ਗਾਂਧੀ ਦੇ ਖਿਲਾਫ ਕੇਸ ਲਈ ਜਨਹਿਤ ਪਟੀਸ਼ਨ ਉਤੇ ਸੁਣਵਾਈ 27 ਸਤੰਬਰ ਨੂੰ

ਨਵੀਂ ਦਿੱਲੀ, 12 ਅਗਸਤ (ਪੋਸਟ ਬਿਊਰੋ)- ਬਲਾਤਕਾਰ ਮਗਰੋਂ ਕਤਲ ਕੀਤੀ ਦਲਿਤ ਬੱਚੀ ਦੀ ਪਛਾਣ ਟਵਿੱਟਰ ਉੱਤੇਜ਼ਾਹਰ ਕਰਨ ਦੇ ਦੋਸ਼ਾਂ ਹੇਠ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਖ਼ਿਲਾਫ ਕੇਸ ਦਰਜ ਕਰਨ ਦੀ ਮੰਗ ਵਾਲੀ ਪਟੀਸ਼ਨ ਉੱਤੇ ਦਿੱਲੀ ਹਾਈ ਕੋਰਟ ਵੱਲੋਂ 27 ਸਤੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜਯੋਤੀ ਸਿੰਘ ਦੇ ਬੈਂਚ ਨੇ ਮਕਰੰਦ ਸੁਰੇਸ਼ ਮਹਾਦਲੇਕਰ ਵੱਲੋਂ ਪੇਸ਼ ਜਨਹਿਤ ਪਟੀਸ਼ਨ ਉੱਤੇਨੋਟਿਸ ਜਾਰੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਭ ਧਿਰਾਂ ਅਗਲੀ ਤਰੀਕ ਤਕ ਆਪਣੇ ਇੱਕ-ਇੱਕ ਸਫੇ ਦੇ



ਬਿਆਨ ਤਿਆਰ ਰੱਖਣ। ਟਵਿੱਟਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਾਜਨ ਪੂਵੱਈਆ ਨੇ ਹਾਈ ਕੋਰਟ ਨੂੰ ਦੱਸਿਆ ਕਿ ਸਬੰਧਤ ਟਵੀਟ ਹਟਾ ਲਿਆ ਗਿਆ ਹੈ, ਕਿਉਂਕਿ ਇਹ ਉਨ੍ਹਾਂ ਦੀ ਨੀਤੀ ਦੀ ਉਲੰਘਣਾ ਸੀ। ਉਨ੍ਹਾਂ ਕਿਹਾ ਕਿ ਖਾਤਾ ਲੌਕ ਕਰ ਦਿੱਤਾ ਹੈ ਅਤੇ ਵਿਵਾਦ ਵਾਲਾ ਟਵੀਟ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਮਹਾਦਲੇਕਰ ਵੱਲੋਂ ਪੇਸ਼ ਹੋਏ ਵਕੀਲ ਗੌਤਮ ਝਾਅ ਨੇ ਕਿਹਾ ਕਿ ਉਹ ਟਵਿੱਟਰ ਦੇ ਸਟੈਂਡ ਦਾ ਵਿਰੋਧ ਕਰਦੇ ਹਨ ਅਤੇ ਉਨ੍ਹਾਂ ਅਦਾਲਤ ਨੂੰ ਐਫੀਡੇਵਿਟ ਮੰਗਣ ਦੀ ਬੇਨਤੀ ਕੀਤੀ ਹੈ। ਬੈਂਚ ਨੇ ਕਿਹਾ ਕਿ ਜੇ ਇਹੀ ਰਵੱਈਆ ਰਹੇਗਾ ਤਾਂ ਉਹ ਨੋਟਿਸ ਜਾਰੀ ਨਹੀਂ ਕਰਨਗੇ। ਹਾਈ ਕੋਰਟ ਵਿੱਚ ਰਾਹੁਲ ਗਾਂਧੀ ਵੱਲੋਂ ਸੀਨੀਅਰ ਵਕੀਲ ਆਰ ਐਸ ਚੀਮਾ ਪੇਸ਼ ਹੋਏ। ਆਪਣੀ ਪਟੀਸ਼ਨ ਵਿੱਚ ਮਹਾਦਲੇਕਰ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਨੇ ਪੀੜਤ ਬੱਚੀ ਦੇ ਮਾਪਿਆਂ ਨਾਲ ਫੋਟੋ ਸ਼ੇਅਰ ਕਰ ਕੇ ਵੱਖ-ਵੱਖ ਐਕਟਾਂ ਦੀ ਉਲੰਘਣਾ ਕੀਤੀ ਅਤੇ ਇਸ ਮੰਦਭਾਗੀ ਘਟਨਾ ਤੋਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ



# ਭਾਰਤ ਨੂੰ ਐਂਬਰ ਸੂਚੀ ਵਿੱਚ ਪਾਉਣ ’ਤੇ ਪਾਕਿ ਵੱਲੋਂ ਬ੍ਰਿਟੇਨ ਨੂੰ ਚਿੱਠੀ

ਇਸਲਾਮਾਬਾਦ, 12 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਸੀਨੀਅਰ ਮੈਡੀਕਲ ਅਧਿਕਾਰੀ ਨੇ ਬ੍ਰਿਟੇਨ ਦੇ ਸਿਹਤ ਮੰਤਰੀ ਨੂੰ ਚਿੱਠੀ ਲਿਖ ਕੇ ਲੰਡਨ ਵੱਲੋਂ ਕੋਵਿਡ-19 ਦੀ ਯਾਤਰਾ ਸਬੰਧੀ ਪਾਬੰਦੀਆਂ ਵਿੱਚ ਬਦਲਾਅ ਕਰਦੇ ਹੋਏ ਭਾਰਤ ਨੂੰ ‘ਰੈਡ' ਸੂਚੀ ਵਿੱਚੋਂ ਕੱਢ ਕੇ ‘ਐਂਬਰ' ਸੂਚੀ ਵਿੱਚ ਪਾਉਣ ਅਤੇ ਪਾਕਿਸਤਾਨ ਨੂੰ ‘ਰੈਡ' ਸੂਚੀ ਵਿੱਚ ਹੀ ਬਣਾਈ ਰੱਖਣ ਵਿੱਚ ਬ੍ਰਿਟਿਸ਼ ਸਰਕਾਰ ਦੀ ਨੀਤੀ ਵਿੱਚ ਤਰੁੱਟੀਆਂ ਨੂੰ ਉਜਾਗਰ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਨੂੰ ਅਪ੍ਰੈਲ ਦੇ ਸ਼ੁ ਵਿੱਚ ਅਤੇ ਭਾਰਤ ਨੂੰ 19 ਅਪ੍ਰੈਲ ਨੂੰ ਰੈਡ ਸੂਚੀ ਵਿੱਚ ਰੱਖਿਆ ਗਿਆ ਸੀ, ਪਰ ਪਾਕਿਸਤਾਨ ਦੇ ਉਲਟ ਨਵੀਂ ਦਿੱਲੀ ਨੂੰ ਕੁਝ ਹੋਰ ਦੇਸ਼ਾਂ ਦੇ ਨਾਲ ਪੰਜ ਅਗਸਤ ਨੂੰ ਐਂਬਰ ਸੂਚੀ ਵਿੱਚ ਪਾ ਦਿੱਤਾ ਗਿਆ ਸੀ, ਜਿਸ ਤੋਂ ਸਰਕਾਰ ਦੇ ਫੈਸਲੇ ਖਿਲਾਫ ਹੰਗਾਮਾ ਹੋਇਆ ਹੈ। ਬ੍ਰਿਟੇਨ ਦੇ ਟਰਾਂਸਪੋਰਟ ਮੰਤਰੀ ਗ੍ਰਾਂਟ ਸ਼ਾਪਸ ਨੇ ਟਵੀਟ ਕੀਤਾ, ਯੂ ਏ ਈ, ਕਤਰ, ਭਾਰਤ ਅਤੇ ਬਹਿਰੀਨ ਨੂੰ ‘ਰੈਡ' ਸੂਚੀ ਵਿੱਚੋਂ ਕੱਢ ਕੇ ਐਂਬਰ ਸੂਚੀ ਵਿੱਚ ਪਾ ਦਿੱਤਾ ਗਿਆ ਹੈ। ਦੇਸ਼ ਦੇ ਕਾਨੂੰਨ ਹੇਠ ‘ਐਂਬਰ' ਸੂਚੀ ਵਿੱਚ ਸ਼ਾਮਲ ਦੇਸ਼ਾਂ ਦੇ ਯਾਤਰੀਆਂ ਨੂੰ ਆਪਣੀ ਰਵਾਨਗੀ ਤੋਂ ਤਿੰਨ ਦਿਨ ਪਹਿਲਾਂ ਕੋਵਿਡ-19 ਸਬੰਧੀ ਜਾਂਚ ਕਰਾਉਣੀ ਹੋਵੇਗੀ ਤੇ ਬ੍ਰਿਟੇਨ ਆਉਣ ਤੋਂ ਪਹਿਲਾਂ ਕੋਵਿਡ-19 ਦੀਆਂ ਦੋ ਜਾਂਚਾਂ ਦੀ ‘ਬੁਕਿੰਗ' ਕਰਾਉਣੀ ਹੋਵੇਗੀ ਅਤੇ ਪਹੁੰਚਣ ਦੇ ਬਾਅਦ ‘ਪੈਸੇਂਜਰ ਲੋਕੇਟਰ ਫਾਰਮ' ਭਰਨਾ ਹੋਵੇਗਾ। ਉਥੇ ਹੀ, ਯਾਤਰੀ ਨੂੰ 10 ਦਿਨ ਦੇ ਲਈ ਘਰ ਵਿੱਚ ਜਾਂ ਕਿਸੇ ਹੋਰ ਜਗ੍ਹਾ ਉੱਤੇ ਇਕਾਂਤਵਾਸ ਵਿੱਚ ਰਹਿਣਾ ਹੋਵੇਗਾ।

# ਅਫਗਾਨਿਸਤਾਨ ਵਿੱਚ 30,000 ਪਰਿਵਾਰ ਉਜੜ ਗਏ, ਕੰਧਾਰ ਵਿੱਚ ਤੰਬੂਆਂ ਦਾ ਸ਼ਹਿਰ ਵਸਿਆ

ਕਾਬੁਲ, 12 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਅਫਗਾਨ ਸਰਕਾਰ ਅਤੇ ਤਾਲਿਬਾਨ ਦੀ ਲੜਾਈ ਦੌਰਾਨ ਸਰਕਾਰੀ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਜੰਗ ਵਿੱਚ ਦੱਖਣੀ ਅਫਗਾਨਿਸਤਾਨ ਵਿੱਚ 30,000 ਪਰਵਾਰ ਉਜੜ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੰਧਾਰ ਇਲਾਕੇ ਤੋਂ ਹਨ।

ਟੋਲੋ ਨਿਊਜ਼ ਦੀ ਰਿਪੋਰਟ ਅਨੁਸਾਰ ਫਰਾਹ, ਬਡਗੀ ਅਤੇ ਹੇਲਮੰਦ ਵਰਗੇ ਇਲਾਕਿਆਂ ਤੋਂ ਕਈ ਪਰਵਾਰ ਉਜੜ ਗਏ ਹਨ।



ਇਨ੍ਹਾਂ ਪਰਵਾਰਾਂ ਨੂੰ ਖਾਣਾ, ਰਹਿਣ ਅਤੇ ਸਿਹਤ ਸੇਵਾਵਾਂ ਲਈ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਕਾਬੁਲ ਦੇ ਹਾਜ਼ੀ ਕੈਂਪ ਵਿੱਚ ਕਈ ਉਜੜੇ ਪਰਵਾਰ ਰਹਿ ਰਹੇ ਹਨ। ਇਸ ਦੌਰਾਨ ਬਾਸ ਬੀਬੀ ਨੇ ਦੱਸਿਆ ਕਿ ਕੰਧਾਰ ਸ਼ਹਿਰ ਦੇ ਬਾਹਰੀ ਇਲਾਕੇ ਵਿੱਚ ਤਾਲਿਬਾਨ ਦੇ ਹਮਲੇ ਵਿੱਚ ਮੈਂ ਪੰਜ ਬੱਚਿਆਂ ਨੂੰ ਗੁਆ ਦਿੱਤਾ ਸੀ। ਅਜੇ ਮੈਂ 18 ਲੋਕਾਂ ਦੇ ਪਰਵਾਰ ਨੂੰ ਪਾਲਣਾ ਹੈ। ਇੱਥੇ ਮੇਰੇ ਕੋਲ ਕੁਝ ਵੀ ਨਹੀਂ, ਮੈਨੂੰ ਮਦਦ ਚਾਹੀਦੀ ਹੈ।ਇਸੇ ਤਰ੍ਹਾਂ ਬਿਲਕਿਸ ਦੱਸਦੀ ਹੈ ਕਿ ਲੱਗਭਗ 20 ਦਿਨ ਪਹਿਲਾਂ ਤਾਲਿਬਾਨ ਨੇ ਮੇਰੇ ਘਰ ਉੱਤੇ ਹਮਲਾ ਕਰ ਦਿੱਤਾ ਅਤੇ ਮੇਰੇ ਸਾਹਮਣੇ ਮੇਰੇ ਬੇਟੇ ਨੂੰ ਮਾਰ ਦਿੱਤਾ। ਉਹ ਮੇਰੀ ਨੂੰਹ ਨੂੰ ਲਿਜਾਣਾ ਚਾਹੁੰਦੇ ਸਨ, ਇਸ ਕਾਰਨ ਅਸੀਂ ਘਰ ਛੱਡ ਦਿੱਤਾ।

# ਫ਼ਰਿਜ਼ਨੋ ਦੇ ਪੰਜਾਬੀ ਟਰੱਕ ਡਰਾਈਵਰ ਦੀ ਸੜਕ ਹਾਦਸੇ ਵਿੱਚ ਮੌਤ

ਸਾਨ ਫਰਾਂਸਿਸਕੋ, 12 ਅਗਸਤ (ਪੋਸਟ ਬਿਊਰੋ)- ਵਾਰ-ਵਾਰ ਟਰੱਕ ਹਾਦਸਿਆਂ ਵਿੱਚ ਪੰਜਾਬੀ ਡਰਾਈਵਰਾਂ ਦੀਆਂ ਮੌਤਾਂ ਨੇ ਪੰਜਾਬੀ ਭਾਈਚਾਰੇ ਵਿੱਚ ਉਦਾਸੀ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਹਰ ਦੂਜੇ ਚੌਥੇ ਹਫ਼ਤੇ ਕੋਈ ਨਾ ਕੋਈ ਦਰਦਨਾਕ ਖ਼ਬਰ ਆ ਰਹੀ ਹੈ। ਕੱਲ੍ਹ ਫ਼ਰਿਜ਼ਨੋਂ ਦੇ ਟਰੱਕ ਡਰਾਈਵਰ ਸ਼ਮਸ਼ੇਰ ਸਿੰਘ ਸ਼ੇਰਾ ਸਰਕਾਰੀਆ (53) ਦੀ ਟਰੱਕ ਹਾਦਸੇ ’ਚ ਮੌਤ ਹੋ ਜਾਣ ਦੀ ਖਬਰ ਮਿਲ ਗਈ ਹੈ।



ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸ਼ੇਰਾ ਆਪਣਾ ਟਰੱਕ ਸ਼ੋਲਡਰ ਉੱਤੇ ਖੜ੍ਹਾ ਕਰਕੇ ਹੇਠਾਂ ਉਤਰਿਆ ਹੀ ਸੀ ਕਿ ਪਿੱਛੋਂ ਸਾਈਡ ਤੋਂ ਬੇਕਾਬੂ ਹੋਏ ਟੋਅ-ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਸ਼ੇਰਾ ਪੰਜ ਕੁ ਸਾਲ ਪਹਿਲਾਂ ਖ਼ੂਨ ਦੇ ਰਿਸ਼ਤੇ ਦੇ ਆਧਾਰ ਉੱਤੇ ਪਰਵਾਰ ਸਮੇਤ ਇਟਲੀ ਤੋਂ ਆਪਣੇ ਸਾਂਢੂ ਸਤਨਾਮ ਸਿੰਘ ਸ਼ੇਰਗਿੱਲ ਕੋਲ ਫ਼ਰਿਜ਼ਨੋ ਆਣ ਵਸਿਆ ਸੀ। ਉਹ ਪਿਛਲੇ ਤਿੰਨ ਸਾਲ ਤੋਂ ਵਿਰਕ ਟਰੱਕਿੰਗ ਦੇ ਲਈ ਡਰਾਈਵ ਕਰ ਰਿਹਾ ਸੀ। ਸਮਸ਼ੇਰ ਸਿੰਘ ਸ਼ੇਰੇ ਦਾ ਪਿਛਲਾ ਪਿੰਡ ਢੰਡਾ ਜ਼ਿਲ੍ਹਾ ਜਲੰਧਰ ਵਿੱਚ ਗੁਰਾਇਆ ਦੇ ਨੇੜੇ ਹੈ ਅਤੇਉਹ ਆਪਣੇ ਪਿੱਛੇ ਪਤਨੀ, ਦੋ ਜਵਾਨ ਧੀਆਂ ਤੇ 11 ਸਾਲ ਦੇ ਪੁੱਤਰ ਨੂੰ ਛੱਡ ਗਿਆ ਹੈ।

# ਯਾਤਰਾ ਨਿਯਮਾਂ ਵਿੱਚ ਢਿੱਲ, ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ’ਚ ਭਾਰਤੀ ਸਟੂਡੈਂਟਸ ਦਾ ਰਿਕਾਰਡ ਦਾਖਲਾ

ਲੰਡਨ, 12 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੇ ਸੈਂਟ੍ਰਲਾਈਜ਼ਡਰਿਕੁਐਸਟ ਸਿਸਟਮ ਰਾਹੀਂ 2021 ਵਿੱਚ ਰਿਕਾਰਡ 3200 ਭਾਰਤੀ ਵਿਦਿਆਰਥੀਆਂ ਨੂੰ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਅਤੇ ਹਾਈ ਸਿੱਖਿਆ ਸਿਲੇਬਸਾਂ ਵਿੱਚ ਦਾਖਲਾ ਮਿਲਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 19 ਫ਼ੀਸਦੀ ਵੱਧ ਹੈ। ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਐਡਮਿਸ਼ਨ ਸਰਵਿਸ (ਯੂ ਸੀ ਏ ਐਸ) ਦੇ ਅੰਕੜੇ ਕੱਲ੍ਹ ਜਾਰੀ ਕੀਤੇ ਗਏ ਹਨ, ਜਿਹੜੇ ਭਾਰਤ ਨੂੰ ਕੋਵਿਡ-19 ਯਾਤਰਾ ਪਾਬੰਦੀ ਦੀ ਲਾਲ ਸੂਚੀ ਵਿੱਚੋਂ ਕੱਢ ਕੇ ‘ਐਂਬਰ' ਸੂਚੀ ਵਿੱਚ ਪਾਏ ਜਾਣ ਤੋਂ ਬਾਅਦ ਸਾਹਮਣੇ ਆਏ ਹਨ।ਇਸਦਾ ਬ੍ਰਿਟੇਨ ਦੀ ਯਾਤਰਾ ਦੀ ਯੋਜਨਾ ਬਣਾ ਰਹੇ ਭਾਰਤੀ ਵਿਦਿਆਰਥੀਆਂ ਉੱਤੇ ਵੱਡਾ



ਪ੍ਰਭਾਵ ਪਵੇਗਾ, ਕਿਉਂਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਪਾਬੰਦੀਸ਼ੁਦਾ ਸੁਵਿਧਾ ਕੇਂਦਰਾਂ ਵਿੱਚ ਵਾਧੂ ਖਰਚ ਉੱਤੇ 10 ਦਿਨ ਲਈ ਵੱਖਰਾ ਰਹਿਣ ਦੀ ਲੋੜ ਨਹੀਂ ਹੋਵੇਗੀ। ਇਸ ਦੀ ਥਾਂ ਉਹ ਜਿੱਥੇ ਚਾਹੁਣ, 10 ਦਿਨ ਤਕ ਵੱਖਰਾ ਰਹਿ ਸਕਦੇ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਹੋਸਟਲ ਅਤੇ ਦੋਸਤ ਜਾਂ ਪਰਵਾਰਕ ਜਾਣੂ ਦਾ ਘਰ ਸ਼ਾਮਲ ਹੈ। 140 ਤੋਂ ਵਧ ਯੂਨੀਵਰਸਿਟੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਯੂਨੀਵਰਸਿਟੀਆਂ ਯੂ ਕੇ ਇੰਟਰਨੈਸ਼ਨਲ ਦੇ ਨਿਰਦੇਸ਼ਕ ਵਿਵੀਅਨ ਸਟਰਨ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਨੂੰ ਰੈਡ ਤੋਂ ਐਂਬਰ ਸੂਚੀ ਵਿੱਚ ਲਿਜਾਣਾ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਆਪਣਿਆਂ ਦੇ ਲਈ ਇੱਕ ਮਹੱਤਵ ਪੂਰਨ ਅਤੇ ਸਵਾਗਤਯੋਗ ਕਦਮ ਹੋਵੇਗਾ, ਜੋ ਛੇਤੀ ਯੂ ਕੇ ਦੀ ਯਾਤਰਾ ਕਰਨਗੇ। ਉਨ੍ਹਾਂ ਸਟੂਡੈਂਟਸ ਨੂੰ ਆਪਣੀਆਂ ਯੂਨੀਵਰਸਿਟੀਆਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਅਤੇ ਇੱਕ ਸਹਿਜ ਆਮਦ ਯਕੀਨੀ ਬਣਾਉਣ ਲਈ ਐਂਬਰ ਸੂਚੀ ਦੀ ਨਵੀਂ ਪ੍ਰਕਿਰਿਆ ਤੋਂ ਜਾਣੂ ਹੋਣਾ ਚਾਹੀਦਾ ਹੈ।

# ਮੈਸੀ ਨੂੰ ਜੋੜਨ ਦੇ ਲਈ ਪੀ ਐਸ ਜੀ ਕਲੱਬ ਆਪਣੇ 10 ਖਿਡਾਰੀਆਂ ਨੂੰ ਵੇਚੇਗਾ

ਪੈਰਿਸ/ਬਾਰਸੀਲੋਨਾ, 12 ਅਗਸਤ (ਪੋਸਟ ਬਿਊਰੋ)- ਫਰੈਂਚ ਕਲੱਬ ਪੈਰਿਸ ਸੇਂਟ ਜਰਮੇਨ (ਪੀ ਐਸ ਜੀ) ਨੇ ਇੱਕ ਵੱਡੇ ਪਲੇਅਰ ਦੇ ਰੂਪ ਵਿੱਚ ਲਿਓਨੇਲ ਮੈਸੀ ਨੂੰ ਆਪਣੇ ਨਾਲ ਜੋੜ ਲਿਆ ਹੈ। ਇਸ ਦੇ ਲਈ ਕਲੱਬ ਨੂੰ 41 ਮਿਲੀਅਨ ਡਾਲਰ ਦੀ ਵੱਡੀ ਰਾਸ਼ੀ ਅਦਾ ਕਰਨਾ ਪਵੇਗੀ। ਕਲੱਬ ਨੇ ਉਸ ਨਾਲ ਦੋ ਸਾਲ ਦਾ ਕਰਾਰ ਕੀਤਾ ਹੈ। ਕਲੱਬ ਇਸ ਕਰਾਰ ਨੂੰ ਇੱਕ ਸਾਲ ਦੇ ਲਈ ਵਧਾ ਵੀ ਸਕਦਾ ਹੈ। ਮੈਸੀ ਨੂੰ ਸ਼ਾਮਲ ਕਰਨ ਦੇ ਨਾਲ ਹੀ ਕਲੱਬ ਵਿੱਚ ਉਥਲ-ਪੁਥਲ ਸ਼ੁਰੂ ਹੋ ਗਈ ਹੈ। ਕਲੱਬ ਮੈਸੀ ਨੂੰ ਆਪਣੇ ਨਾਲ ਜੋੜਨ ਦੇ ਲਈ 10 ਖਿਡਾਰੀਆਂ ਨੂੰ ਵੇਚੇਗਾ, ਤਾਂ ਕਿ ਮੈਸੀ ਦੇ ਭੁਗਤਾਨ ਨੂੰ ਪੂਰਾ ਕੀਤਾ ਜਾ ਸਕੇ। 34 ਸਾਲ ਦੇ ਮੈਸੀ ਨੇ 21 ਸਾਲ ਬਾਅਦ ਆਪਣੇ ਪੁਰਾਣੇ ਕਲੱਬ ਬਾਰਸੀਲੋਨਾ ਦਾ ਸਾਥ ਛੱਡਿਆ ਸੀ। ਉਨ੍ਹਾਂ ਨੂੰ ਆਪਣੇ ਨਾਲ ਜੋੜਨ ਵਾਲੀ ਲਿਸਟ ਵਿੱਚ ਫਰੈਂਚ ਕਲੱਬ ਇੱਕੋ-ਇੱਕ ਸੀ। ਮੈਸੀ ਦੇ ਜਾਣ ਦੇ ਨਾਲ ਬਾਰਸੀਲੋਨਾ ਨੇ ਆਪਣੇ ਕਲੱਬ ਵਿੱਚ ਲੱਗੇ ਉਨ੍ਹਾਂ ਦੇ ਬੈਨਰ-ਪੋਸਟਰ ਹਟਾਉਣੇ ਸ਼ੁਰੂ ਕਰ ਦਿੱਤੇ।

ਦੂਸਰੇ ਪਾਸੇ ਫਰੈਂਚ ਕਲੱਬ ਪੀ ਐਸ ਜੀ ਆਪਣੀ ਟੀਮ ਨੂੰ ਬੈਲੇਂਸ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਲੀਗ-ਏ ਦੀ ਪਸੰਦੀਦਾ ਟੀਮ ਨੇ ਕਿਹਾ ਕਿ ਮੈਸੀ ਦੇ ਆਉਣ ਨਾਲ ਟੀਮ ਨੂੰ ਮਜ਼ਬੂਤੀ ਮਿਲੇਗੀ ਤੇ ਉਨ੍ਹਾਂ ਦੇ ਉਪਰ ਕੀਤਾ ਨਿਵੇਸ਼ ਪੂਰੀ ਤਰ੍ਹਾਂ ਨਾਲ ਸਹੀ ਸਾਬਿਤ ਹੋਵੇਗਾ।

# ਆਪਣੀ ਛੋਟੀ ਜਿਹੀ ਫ਼ੌਜ ਨਾਲ ਤਾਲਿਬਾਨ ਨਾਲ ਭਿੜਨ ਲੱਗੀ ਹੋਈ ਹੈ ਗਵਰਨਰ ਸਲੀਮਾ ਮਜ਼ਾਰੀ

ਕਾਬੁਲ, 12 ਅਗਸਤ (ਪੋਸਟ ਬਿਊਰੋ)- ਪੁਰਸ਼ ਪ੍ਰਧਾਨ ਦੇਸ਼ ਅਫ਼ਗਾਨਿਸਤਾਨ ਵਿੱਚ 39 ਸਾਲਾ ਸਲੀਮਾ ਮਜ਼ਾਰੀ ਨਾਂਅ ਦੀ ਜ਼ਿਲ੍ਹਾ ਗਵਰਨਰ ਪੂਰੀ ਤਾਕਤ ਨਾਲ ਤਾਲਿਬਾਨ ਵਿਰੁੱਧ ਜੰਗ ਦੀ ਅਗਵਾਈ ਕਰ ਰਹੀ ਹੈ। ਉਸ ਦੀ ਫ਼ੌਜ ਵਿੱਚ ਕਈ ਦਰਜਨ ਲੜਾਕੇ ਸ਼ਾਮਲ ਹਨ, ਜੋ ਪਹਿਲਾਂ ਮਜ਼ਦੂਰੀ ਕਰਦੇ ਸਨ ਜਾਂ ਚਰਵਾਹੇ ਸਨ। ਉਹ ਲਗਾਤਾਰ ਸਥਿਤੀ ਦਾ ਜਾਇਜ਼ਾ ਲੈਂਦੀ ਹੈ ਅਤੇ ਨਾਲ ਹੀ ਅਗਲੀ ਰਣਨੀਤੀ ਵੀ ਤਿਆਰ ਕਰਦੀ ਹੈ। ਉਹ ਲਗਾਤਾਰ ਤਾਲਿਬਾਨ ਖ਼ਿਲਾਫ਼ ਲੋਕਾਂ ਨੂੰ ਹਥਿਆਰ ਚੁੱਕਣ ਲਈ ਲਾਮਬੰਦ ਕਰ ਰਹੀ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।



ਸਲੀਮਾ ਬਲਖ਼ ਪ੍ਰਾਂਤ ਦੇ ਜ਼ਿਲ੍ਹਾ ਚਾਰਕਿੰਟ ਦੀ ਗਵਰਨਰ ਹੈ, ਜੋ ਮਜ਼ਾਰ-ਏ-ਸ਼ਰੀਫ ਤੋਂ ਲੱਗਭਗ ਇੱਕ ਘੰਟੇ ਦੀ ਦੂਰੀ ਉੱਤੇ ਹੈ। ਉਸ ਦਾ ਕਹਿਣਾ ਹੈ ਕਿ ਤਾਲਿਬਾਨ ਸ਼ਾਸਨ ਵਿੱਚ ਮਨੁੱਖੀ ਅਧਿਕਾਰਾਂ ਵਰਗੀ ਕੋਈ ਚੀਜ਼ ਨਹੀਂ, ਸਗੋਂ ਉਹ ਉਸ ਦੀਆਂ ਖੁੱਲ੍ਹ ਕੇ ਧੱਜੀਆਂ ਉਡਾ ਰਹੇ ਹਨ। ਉਹ ਔਰਤਾਂ ਦੀ ਪੜ੍ਹਾਈ-ਲਿਖਾਈ ਤੋਂ ਨਫ਼ਰਤ ਕਰਦੇ ਹਨ ਤੇ ਰਾਜਨੀਤੀ ਵਿੱਚ ਹਿੱਸਾ ਲੈਣ ਵਾਲੀਆਂ ਔਰਤਾਂ ਦੇ ਪੱਕੇ ਵੈਰੀ ਹਨ। ਉਸ ਨੇ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸ਼ਾਸਨ ਹੇਠ ਦੇਸ਼ ਦਾ ਵਿਕਾਸ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਹਜ਼ਾਰਾ ਭਾਈਚਾਰੇ ਨਾਲ ਸਬੰਧਤ ਸਲੀਮਾ ਮਜ਼ਾਰੀ ਦੇ ਇਸ ਭਾਈਚਾਰੇ ਦੇ ਬਹੁਤੇ ਲੋਕ ਸ਼ੀਆ ਮੁਸਲਮਾਨ ਹਨ। ਉਸ ਦੇ ਜ਼ਿਲ੍ਹਾ ਚਾਰਕਿੰਟ ਦੇ ਲੱਗਭਗ ਅੱਧੇ ਹਿੱਸੇ ਉੱਤੇ ਤਾਲਿਬਾਨ ਨੇ ਕਬਜ਼ਾ ਕਰ ਲਿਆ ਹੈ। ਇਸ ਤੋਂ ਬਾਅਦ ਵੀ ਮਜ਼ਾਰੀ ਅਤੇ ਉਸ ਦੀ ਫ਼ੌਜ ਪਿੱਛੇ ਹਟਣ ਲਈ ਤਿਆਰ ਨਹੀਂ, ਸਗੋਂ ਆਪਣੇ ਮੋਰਚਿਆਂ ਵਿੱਚ ਤਾਲਿਬਾਨ ਵਿਰੁੱਧ ਮਜ਼ਬੂਤੀ ਨਾਲ ਡਟੀ ਹੋਈ ਹੈ। ਉਸ ਵੱਲੋਂ ਮਜ਼ਦੂਰਾਂ ਤੇ ਭੇਡਾਂ ਦੇ ਚਰਵਹਿਆਂ ਦੀ ਬਣਾਈ ਗਈ ਫ਼ੌਜ ਕੋਲ ਪਹਿਲਾਂ ਬੰਦੂਕਾਂ ਨਹੀਂ ਸਨ। ਉਨ੍ਹਾਂ ਨੇ ਆਪਣੇ ਪਸ਼ੂ ਵੇਚ ਕੇ ਬੰਦੂਕਾਂ ਅਤੇ ਹੋਰ ਹਥਿਆਰ ਖ਼ਰੀਦੇ ਹਨ।

# ਪਾਕਿਸਤਾਨ ਵਿੱਚ ਹਿੰਦੂ ਵਿਰੋਧੀ ਭਾਵਨਾ ਦੀ ਜੜ੍ਹ ਬਹੁਤ ਡੂੰਘੀ

ਇਸਲਾਮਾਬਾਦ, 12 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਧਾਰਮਿਕ ਘੱਟ ਗਿਣਤੀਆਂ ਖਾਸ ਤੌਰ ਉੱਤੇ ਹਿੰਦੂਆਂ ਨੂੰ ਇਸਲਾਮੀ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਜਬਰਦਸਤੀ ਧਰਮ ਪਰਿਵਰਤਨ ਤੋਂ ਲੈ ਕੇ ਪੂਜਾ ਅਸਥਾਨਾਂ ਨੂੰ ਅਪਵਿੱਤਰ ਕਰਨ ਤਕ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਇਸ ਦੱਖਣੀ ਏਸ਼ੀਆਈ ਦੇਸ਼ ਦੀ ਹਿੰਦੂ ਵਿਰੋਧੀ ਕੱਟੜਤਾ ਖਾਸ ਤੌਰ ਉੱਤੇ ਇੰਸਟੀਚਿਊਸ਼ਨਲ ਬਣੀ ਹੋਈ ਹੈ।

ਪਿਛਲੇ ਹਫਤੇ ਪੰਜਾਬ ਸੂਬੇ ਦੇ ਭੋਂਗ ਪਿੰਡ ਵਿੱਚ ਇੱਕ ਦਰਜਨ ਤੋਂ ਵੱਧ ਲੋਕਾਂ ਦੀ ਲਾਠੀਆਂ ਨਾਲ ਲੈਸ ਭੀੜ ਨੇ ਇੱਕ ਹਿੰਦੂ ਮੰਦਰ ਵਿੱਚ ਭੰਨਤੋੜ ਕਰ ਕੇ ਨਾਅਰੇਬਾਜ਼ੀ ਕੀਤੀ ਤੇ ਪੂਜਾ ਅਸਥਾਨ ਉੱਤੇ ਮੂਰਤੀਆਂ ਨੂੰ ਅਪਵਿੱਤਰ ਕੀਤਾ ਸੀ। ਮੰਦਰ ਹਮਲੇ ਦੀ ਵੱਡੀ ਨਿੰਦਾ ਦੇ ਬਾਵਜੂਦ ਪਾਕਿਸਤਾਨ ਦੀਆਂ ਕਈ ਪਾਰਟੀਆਂ ਦੇ ਮੈਂਬਰਾਂ ਅਤੇ ਇੱਥੋਂ ਤਕ ਕਿ ਇਮਰਾਨ ਖਾਨ ਸਰਕਾਰ ਦੇ ਮੰਤਰੀਆਂ ਨੇ ਵੀ ਧਰਮ ਨਿੰਦਾ ਕਰਨ ਵਾਲਿਆਂ ਦੇ ਲਈ ਸਜ਼ਾ ਦੀ ਹਮਾਇਤ ਵਿੱਚ ਹਿੰਦੂ ਵਿਰੋਧੀ ਕੱਟੜਤਾ ਪ੍ਰਗਟ ਕੀਤੀ ਜਾਂ ਫਿਰ ਉਸ ਦੀ ਹਮਾਇਤ ਵਿੱਚ ਰੈਲੀ ਤਕ ਕਰ ਦਿੱਤੀ।

ਦਿ ਡਿਪਲੋਮੈਟ ਲਈ ਲਿਖਦੇ ਹੋਏ ਕੁੰਵਰ ਖੁਲਦੂ ਨੇ ਸ਼ਾਹਿਦ ਨੇ ਕਿਹਾ ਕਿ ਭੋਂਗ ਕਸਬੇ ਵਿੱਚ ਭੀੜ ਦੀ ਹਿੰਸਾ ਨੇ ਪਾਕਿਸਤਾਨ ਵਿੱਚ ਹਿੰਦੂ ਵਿਰੋਧੀ ਭਾਵਨਾ ਦੀਆਂ ਡੂੰਘੀਆਂ ਵਿਚਾਰਕ ਜੜ੍ਹਾਂ ਨੂੰ ਪ੍ਰਦਰਸ਼ਿਤ ਕੀਤਾ ਹੈ। ਲੇਖਕ ਸ਼ਾਹਿਦ ਨੇ ਕਿਹਾ ਕਿ ਹਿੰਸਕ ਇਸਲਾਮੀ ਸਰਬ ਉਚਤਾ ਇਸਲਾਮਵਾਦੀਆਂ ਜਾਂ ਮੌਕਾਪ੍ਰਸਤ ਸਿਆਸਤਦਾਨਾਂ ਵੱਲੋਂ ਚਲਾਇਆ ਜਾਂਦਾ ਨਹੀਂ ਹੈ, ਬਲਕਿ ਸੰਵਿਧਾਨ ਵੱਲੋਂ ਮਨਜ਼ੂਰਸ਼ੁਦਾ ਹੈ ਤੇ ਫਿਰ ਵੀ ਸਰਕਾਰ ਆਪਾ-ਵਿਰੋਧੀ ਵਜੋਂ ਪਾਕਿਸਤਾਨ ਨੂੰ ਇੱਕ ਲੋਕਤੰਤਰੀ ਗਣਰਾਜ ਪ੍ਰਗਟਾਉਣ ਦੀ ਕੋਸ਼ਿਸ਼ ਕਰਦੀ ਹੈ।

ਤਾਲਿਬਾਨ ਤੋਂ ਬਚ ਕੇ ਨਿਕਲੀ ਪੱਤਰਕਾਰ ਦੀ ਹੱਡਬੀਤੀ:

# ਜਿੱਥੇ ਕਬਜ਼ਾ ਕਰਦੇ ਨੇ, ਓਥੇ ਲੜਕੀਆਂ ਦੇ ਜਬਰੀ ਵਿਆਹ ਕਰਵਾ ਰਹੇ ਨੇ ਤਾਲਿਬਾਨੀ

ਕਾਬੁਲ/ਵਾਸ਼ਿੰਗਟਨ, 12 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਔਰਤਾਂ ਉੱਤੇ ਤਾਲਿਬਾਨ ਦੇ ਜ਼ੁਲਮ ਦੀਆਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ‘ਦ ਗਾਰਡੀਅਨ' ਨੇ ਅਜਿਹੀ ਹੀ ਇੱਕ 22 ਸਾਲਾ ਔਰਤ ਪੱਤਰਕਾਰ ਦੀ ਹੱਡ-ਬੀਤੀ ਪੇਸ਼ ਕੀਤੀ ਹੈ। ਇਹ ਪੱਤਰਕਾਰ ਕਹਿੰਦੀ ਹੈ, ‘‘ਤਾਲਿਬਾਨ ਨੇ ਉਤਰੀ ਅਫਗਾਨਿਸਤਾਨ ਵਿੱਚ ਮੇਰੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਉਸ ਘਟਨਾ ਦੇ ਦੋ ਦਿਨ ਬਾਅਦ ਮੈਨੂੰ ਘਰ ਛੱਡ ਕੇ ਭੱਜਣਾ ਪਿਆ। ਮੈਂ ਅੱਜ ਵੀ ਆਪਣੇ ਸ਼ਹਿਰ ਤੋਂ ਦੂਰ ਸੁਰੱਖਿਅਤ ਜਗ੍ਹਾ ਦੀ ਤਲਾਸ਼ ਵਿੱਚ ਹਾਂ। ਪਿਛਲੇ ਹਫਤੇ ਤਕ ਮੈਂ ਰਿਪੋਰਟਰ ਸੀ। ਅੱਜ ਮੈਂ ਆਪਣੇ ਨਾਂਅ ਨਾਲ ਨਹੀਂ ਲਿਖ ਸਕਦੀ। ਕੁਝ ਹੀ ਦਿਨ ਵਿੱਚ ਮੇਰਾ ਪੂਰਾ ਜੀਵਨ ਬਰਬਾਦ ਹੋ ਗਿਆ। ਮੈਂ ਡਰੀ ਹੋਈ ਹਾਂ, ਮੈਂ ਨਹੀਂ ਜਾਣਦੀ ਕਿ ਘਰ ਮੁੜਾਂਗੀ ਜਾਂ ਨਹੀਂ। ਮਾਤਾ-ਪਿਤਾ ਨੂੰ ਫਿਰ ਦੇਖ ਸਕਾਂਗੀ ਜਾਂ ਨਹੀਂ। ਸਾਰੇ ਰਾਹ ਬੰਦ ਹਨ। ਮੇਰੇ ਪੂਰੇ ਸੂਬੇ ਉੱਤੇ ਤਾਲਿਬਾਨ ਦਾ ਕਬਜ਼ਾ ਹੋ ਚੁੱਕਾ ਹੈ।'' ਇਹ ਕਹਾਣੀ ਸੱਚਾਈ ਨੂੰ ਪੇਸ਼ ਕਰਨ ਵਾਲੀ ਹੈ।



ਪੱਤਰਕਾਰ ਅੱਗੇ ਦੱਸਦੀ ਹੈ, ‘‘ਤਾਲਿਬਾਨੀ ਜਬਰਦਸਤੀ ਲੜਕੀਆਂ ਦਾ ਵਿਆਹ ਆਪਣੇ ਅੱਤਵਾਦੀਆਂ ਨਾਲ ਕਰਾ ਰਹੇ ਹਨ। ਮੈਂ ਵੀ ਸੁਰੱਖਿਅਤ ਨਹੀਂ ਹਾਂ। ਮੇਰੇ ਲਈ ਪ੍ਰਾਰਥਨਾ ਕਰੋ। ਤਾਲਿਬਾਨੀ ਮੇਰੀ ਅਤੇ ਮੇਰੇ ਸਹਿਯੋਗੀਆਂ ਦੀ ਤਲਾਸ਼ ਕਰਦੇ ਹੋਏ ਸਾਡੇ ਕੋਲ ਪਹੁੰਚ ਸਕਦੇ ਹਨ। ਮੇਰੇ ਮੈਨੇਜਰ ਨੇ ਫੋਨ ਉੱਤੇ ਮੈਨੂੰ ਕਿਹਾ ਕਿ ਕਿਸੇ ਅਣਜਾਣ ਨੰਬਰ ਤੋਂ ਆਏ ਕਾਲ ਉੱਤੇ ਜਵਾਬ ਨਾ ਦੇਣਾ। ਕਿਤੇ ਲੁਕ ਜਾਓ। ਮੈਂ ਜਦ ਘਰੋਂ ਭੱਜਣ ਲਈ ਸਾਮਾਨ ਬੰਨ੍ਹ ਰਹੀ ਸੀ ਤਾਂ ਮੈਨੂੰ ਗੋਲੀਬਾਰੀ ਤੇ ਰਾਕੇਟ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਜਹਾਜ਼ ਅਤੇ ਹੈਲੀਕਾਪਟਰ ਸਾਡੇ ਸਿਰ ਉਪਰੋਂ ਉਡ ਰਹੇ ਸਨ। ਘਰ ਦੇ ਬਾਹਰ ਸੜਕਾਂ ਉੱਤੇ ਮਾਰਕੁੱਟ ਹੋ ਰਹੀ ਸੀ। ਮੇਰੇ ਚਾਚਾ ਨੇ ਮੈਨੂੰ ਸੁਰੱਖਿਅਤ ਸਥਾਨ ਉੱਤੇ ਪਹੁੰਚਾਉਣ ਵਿੱਚ ਮਦਦ ਦੀ ਪੇਸ਼ਕਸ਼ ਕੀਤੀ। ਇਸ ਲਈ ਮੈਂ ਫੋਨ ਅਤੇ ਬੁਰਕਾ ਲੈ ਕੇ ਉਥੋਂ ਨਿਕਲ ਆਈ।''

ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਫਗਾਨਿਸਤਾਨ ਤੋਂ ਫੌਜ ਬੁਲਾਉਣ ਉੱਤੇ ਅਫਸੋਸ ਨਹੀਂ ਹੈ। ਅਫਗਾਨਿਸਤਾਨ ਦੇ ਨੇਤਾਵਾਂ ਨੂੰ ਇੱਕ ਹੋ ਕੇ ਦੇਸ਼ ਲਈ ਲੜਨਾ ਚਾਹੀਦਾ ਹੈ। ਵ੍ਹਾਈਟ ਹਾਊਸ ਵਿੱਚ ਮੀਡੀਆ ਨਾਲ ਗੱਲਬਾਤ ਵਿੱਚ ਬਾਇਡੇਨ ਨੇ ਕਿਹਾ ਕਿ ਅਫਗਾਨਿਸਤਾਨ ਨਾਲ ਕੀਤੇ ਵਾਅਦੇ ਅਮਰੀਕਾ ਪੂਰਾ ਕਰਦਾ ਰਹੇਗਾ। ਇਨ੍ਹਾਂ ਵਿੱਚ ਹਵਾਈ ਸਹਾਇਤਾ, ਫੌਜ ਦੀ ਤਨਖਾਹ ਅਤੇ ਮਸ਼ੀਨਰੀ ਦੀ ਸਪਲਾਈ ਸ਼ਾਮਲ ਹੈ।

# ਸੈਕਸ ਦੋਸ਼ਾਂ ਵਿੱਚ ਫਸੇ ਨਿਊ ਯਾਰਕ ਦੇ ਗਵਰਨਰ ਵੱਲੋਂ ਅਸਤੀਫਾ

ਨਿਊ ਯਾਰਕ, 12 ਅਗਸਤ (ਪੋਸਟ ਬਿਊਰੋ)- ਸਰਕਾਰੀ ਜਾਂਚ ਵਿੱਚ 11 ਔਰਤਾਂ ਦੇ ਸੈਕਸ ਸ਼ੋਸ਼ਣ ਦੇ ਦੋਸ਼ੀ ਸਾਬਤ ਹੋਏ ਨਿਊ ਯਾਰਕ ਦੇ ਗਵਰਨਰ ਐਂਡਰਿਊ ਕੁਓਮੋ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦਾ ਅਸਤੀਫਾ 11 ਦਿਨਾਂ ਵਿੱਚ ਲਾਗੂ ਹੋ ਜਾਵੇਗਾ। ਉਸ ਦੀ ਥਾਂ ਉੱਤੇ ਲੈਫਟੀਨੈਂਟ ਗਵਰਨਰ ਕੈਥੀ ਹੋਚੁਲ ਨੂੰ ਗਵਰਨਰ ਬਣਾਇਆ ਜਾ ਰਿਹਾ ਹੈ। ਨਿਊ ਯਾਰਕ ਦੇ ਸਰਬ ਉਚ ਅਹੁਦੇ ਉੱਤੇ ਬੈਠਣ ਵਾਲੀ ਉਹ ਪਹਿਲੀ ਔਰਤ ਹੋਵੇਗੀ।

ਗਵਰਨਰ ਕੁਓਮੋ ਨੇ ਅਸਤੀਫਾ ਦਿੰਦੇ ਸਮੇਂ ਆਪਣੇ ਦਫਤਰ ਦੇ ਰਾਹੀਂ ਟਿੱਪਣੀ ਕੀਤੀ ਕਿ ਹਾਲਾਤ ਨੂੰ ਦੇਖਦੇ ਹੋਏ ਮੇਰੀ ਸਰਕਾਰ ਲਈ ਸਭ ਤੋਂ ਵੱਡੀ ਮਦਦ ਇਹੀ ਹੋਵੇਗੀ ਕਿ ਮੈਂ ਅਸਤੀਫਾ ਦੇ ਦਿਆਂ। ਅਸਤੀਫਾ ਦੇਣ ਤੋਂ ਪਹਿਲਾਂ ਕੁਓਮੋ ਨੇ ਆਪਣੇ ਦਫਤਰ ਦੇ ਸਟਾਫ ਸਾਹਮਣੇ 21 ਮਿੰਟਾਂ ਦਾ ਭਾਸ਼ਣ ਦਿੱਤਾ ਤੇ ਉਸ ਵਿੱਚ ਕਿਹਾ ਕਿ ਉਨ੍ਹਾਂ ਨੇ ਕਿਸੇ ਔਰਤ ਦਾ ਅਪਮਾਨ ਨਹੀਂ ਕੀਤਾ ਤੇ ਨਾ ਕਰਾਂਗਾ। ਇਸ ਤੋਂ ਪਹਿਲਾਂ ਉਨ੍ਹਾਂ ਦੀ ਵਕੀਲ ਰੀਟਾ ਗਲੈਵਿਨ ਨੇ ਕਿਹਾ ਸੀ ਕਿ ਕੁਓਮੋ ਦੇ ਖਿਲਾਫ ਮਾਹੌਲ ਬਣਾਉਣ ਲਈ ਮੀਡੀਆ ਦੋਸ਼ੀ ਹੈ। ਉਨ੍ਹਾਂ ਜਾਂਚ ਉੱਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਸ ਜਾਂਚ ਵਿੱਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ, ਜਿਹੜੇ ਇਨ੍ਹਾਂ ਦੋਸ਼ਾਂ ਦਾ ਸਮਰਥਨ ਨਹੀਂ ਕਰਦੇ।ਯਾਦ ਰਹੇ ਕਿ ਗਵਰਨਰ ਕੁਓਮੋ ਦੇ ਖਿਲਾਫ ਸੂਬੇ ਦੀ ਅਟਾਰਨੀ ਜਨਰਲ ਲੇਟੀਟੀਆ ਜੇਮਜ਼ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਅਲੱਗ-ਅਲੱਗ ਸਮੇਂ ਉੱਤੇ ਲਗਾਏ ਦੋਸ਼ਾਂ ਦੀ ਜਾਂਚ ਕਰ ਰਹੀ ਸੀ। ਇਨ੍ਹਾਂ ਦੋਸ਼ਾਂ ਨੂੰ ਜਾਂਚ ਵਿੱਚ ਸਹੀ ਪਾਇਆ ਗਿਆ।

# ਦਮੇ ਦੇ ਰੋਗੀਆਂ ਨੂੰ ਦਵਾਈਆਂ ਲੈਂਦੇ ਰਹਿਣਾ ਜ਼ਰੂਰੀ

ਨਿਊ ਯਾਰਕ, 12 ਅਗਸਤ (ਪੋਸਟ ਬਿਊਰੋ)- ਇੱਕ ਵੱਡੇ ਸਰਵੇ ਅਨੁਸਾਰ ਜਿਨ੍ਹਾਂ ਅਸਥਮਾ ਰੋਗੀਆਂ ਦੀ ਬਿਮਾਰੀ ਚੰਗੀ ਤਰ੍ਹਾਂ ਕੰਟਰੋਲ ਵਿੱਚ ਹੈ, ਉਨ੍ਹਾਂ ਵਿੱਚ ਵਧ ਚੁੱਕੇ ਅਸਥਮਾ ਵਾਲੇ ਲੋਕਾਂ ਦੇ ਮੁਕਾਬਲੇ ਵਿੱਚ ਕੋਵਿਡ 19 ਦੇ ਗੰਭੀਰ ਸਿੱਟੇ ਘੱਟ ਹੁੰਦੇ ਹਨ।ਦ ਜਰਨਲ ਆਫ ਐਲਰਜੀ ਐਂਡ ਕਲੀਨੀਕਲ ਇਮਿਊਨੋਲਾਜੀ-ਇਨ ਪ੍ਰੈਕਟਿਸ ਵਿੱਚ ਛਪੇ ਨਤੀਜੇ ਤੇ ਸੁਝਾਅ ਦਸਦੇ ਹਨ ਕਿ ਅਸਥਮਾ ਰੋਗੀਵਿਸ਼ੇਸ਼ ਕਰਕੇ ਉਹ ਜਿਨ੍ਹਾਂ ਨੂੰ ਕਲੀਨੀਕਲ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਨੂੰ ਕੋਵਿਡ ਦੀਆਂ ਦਵਾਈਆਂ ਲੈਣਾ ਜਾਰੀ ਰੱਖਣਾ ਚਾਹੀਦਾ ਹੈ।

ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਕੇਕ ਸਕੂਲ ਆਫ ਮੈਡੀਸਨ ਵਿੱਚ ਆਬਾਦੀ ਅਤੇ ਜਨਤਕ ਸਿਹਤ ਵਿਗਿਆਨ ਦੇ ਸਹਾਇਕ ਪ੍ਰੋਫੈਸਰ, ਝਾਂਗਹੁਆ ਚੇਨ ਨੇ ਕਿਹਾ, ਅਸਥਮਾ ਤੋਂ ਪੀੜਤ ਕਿਸੇ ਨੂੰ ਵੀ ਆਪਣੀ ਸਿਹਤ ਦੇਖਭਾਲ ਦੇ ਨਾਲ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਤਾਂ ਕਿ ਯਕੀਨੀ ਹੋ ਸਕੇ ਕਿ ਉਨ੍ਹਾਂ ਨੂੰ ਅਸਥਮਾ ਦਾ ਸਭ ਤੋਂ ਚੰਗਾ ਇਲਾਜ ਮਿਲ ਰਿਹਾ ਹੈ, ਜਿਸ ਨਾਲ ਅਸਥਮਾ ਦਾ ਕੰਟਰੋਲ ਬਿਹਤਰ ਹੁੰਦਾ ਹੈ ਅਤੇ ਗੰਭੀਰ ਕੋਵਿਡ-19 ਨਤੀਜਿਆਂ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਖੋਜਕਾਰਾਂ ਨੇ ਇੱਕ ਮਾਰਚ ਤੋਂ 31 ਅਗਸਤ 2020 ਤਕ ਕੈਸਰ ਪਰਮਾਨੈਂਟ ਸਦਰਨ ਕੈਲੀਫੋਰਨੀਆ ਤੋਂ ਇਲੈਕਟ੍ਰੋਨਿਕ ਮੈਡੀਕਲ ਰਿਕਾਰਡ ਰਾਹੀਂ 61338 ਕੋਵਿਡ-19 ਦੇ ਰੋਗੀਆਂ ਦਾ ਡਾਟਾ ਇਕੱਠਾ ਕੀਤਾ।

ਮੈਡੀਕਲ ਕੋਡ ਦੀ ਵਰਤੋਂ ਇਹ ਤੈਅ ਕਰਨ ਲਈ ਕੀਤੀ ਗਈ ਸੀ ਕਿ ਕੀ ਇਨ੍ਹਾਂ ਰੋਗੀਆਂ ਨੂੰ ਉਨ੍ਹਾਂ ਦੇ ਕੋਵਿਡ-19 ਦੇ ਇਲਾਜ਼ ਤੋਂ ਪਹਿਲਾਂ ਅਸਥਮਾ ਜਾਂ ਕਰੋਨਿਕ ਆਬਸਿਊਟ੍ਰਕਿਟਵ ਪਲਮੋਨਰੀ ਡਿਜੀਜ਼ ਸੀ। ਖੋਜਕਾਰਾਂ ਨੇ ਡਾਟੇ ਦੀ ਹੋਰ ਵੀ ਪੁਣ-ਛਾਣ ਕੀਤੀ, ਜਿਸ ਵਿੱਚ ਪਿਛਲੇ 12 ਮਹੀਨਿਆਂ ਦੇ ਅੰਦਰ ਅਸਥਮੇਨਾਲ ਕਲੀਨੀਕਲ ਯਾਤਰਾ ਕਰਨ ਵਾਲੇ ਰੋਗੀਆਦੀ ਗਿਣਤੀ ਤੇ ਉਨ੍ਹਾਂ ਲੋਕਾਂ ਦੇ ਲਈ ‘ਨਕਾਰਾ' ਵਰਗ ਦੀ ਗਿਣਤੀਕੀਤੀ।ਸਰਗਰਮ ਅਸਥਮੇ ਦੇ ਮਰੀਜ਼ਾਂ ਵਿੱਚ ਅਸਥਮਾ ਜਾਂ ਸੀ ਓ ਪੀ ਡੀ ਦੇ ਇਤਿਹਾਸ ਵਾਲੇ ਲੋਕਾਂ ਦੀ ਤੁਲਨਾ ਵਿੱਚ ਕੋਵਿਡ-10 ਦੇ ਇਲਾਜ ਦੇ 30 ਦਿਨਾਂ ਦੇ ਅੰਦਰ ਹਸਪਤਾਲ ਵਿੱਚ ਭਰਤੀ ਹੋਣ, ਗੰਭੀਰ ਸਾਹ ਸਹਾਇਤਾ ਅਤੇ ਆਈ ਸੀ ਯੂ ਵਿੱਚ ਦਾਖਲ ਹੋਣ ਦੀ ਲੋੜ ਕਾਫੀ ਸੀ।

# ਆਸਟ੍ਰੇਲੀਆਈ ਸਰਹੱਦਾਂ ਬੰਦ ਹੋਣ ਕਾਰਨ ਲੱਖਾਂ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਜਾਣ ਲਈ ਮਜ਼ਬੂਰ



ਬ੍ਰਿਸਬੇਨ, 12 ਅਗਸਤ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਵੱਖ-ਵੱਖ ਸੂਬਿਆਂ ਵਿੱਚ ਕੋਵਿਡ-19 ਦੇ ਵਧੇਰੇ ਕੇਸਾਂ ਵਿੱਚ ਇਜ਼ਾਫਾ ਹੋਣ ਨਾਲ ਕੀਤੀ ਤਾਲਾਬੰਦੀ ਕਾਰਨ ਮਾੜਾ ਅਸਰ ਪਿਆ ਹੈ ਅਤੇ ਵਿਦਿਆਰਥੀ ਦੂਜੇ ਦੇਸ਼ਾਂ ਵਿੱਚ ਪੜ੍ਹਨ ਦਾ ਰੁੱਖ ਕਰਨ ਲੱਗ ਪਏ ਹਨ, ਜਿਸ ਉਤੇ ਆਸਟ੍ਰੇਲੀਆ ਵਿਦੇਸ਼ੀ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਅਤੇ ਅੰਤਰਰਾਸ਼ਟਰੀ ਸਿੱਖਿਆ ਖੇਤਰ ਦੇ ਆਪਣੇ ਵਧੇਰੇ ਮੁਨਾਫੇ ਵਾਲੇ ਕਾਰੋਬਾਰ ਨੂੰ ਮੁੜ ਚਾਲੂ ਕਰਨ ਲਈ ਸੰਘਰਸ਼ ਕਰਦਾ ਦਿਖਾਈ ਦੇਂਦਾ ਹੈ। ਮਹਾਮਾਰੀ ਤੋਂ ਪਹਿਲਾਂ ਆਸਟ੍ਰੇਲੀਆ ਦਾ ਅੰਤਰਰਾਸ਼ਟਰੀ ਸਿੱਖਿਆ ਖੇਤਰ 40 ਬਿਲੀਅਨ ਡਾਲਰ ਦਾ ਸਾਲਾਨਾ ਕਾਰੋਬਾਰ ਕਰਦਾ ਸੀ। ਆਸਟ੍ਰੇਲੀਆਈ ਕੇਂਦਰੀ ਸਰਕਾਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਮਈ 2019 ਤਕ ਨਵੇਂ ਦਾਖਲਿਆਂ ਵਿੱਚ 30 ਫ਼ੀਸਦੀ ਤਕ ਦੀ ਗਿਰਾਵਟ ਆਈ ਹੈ ਅਤੇ ਅਜੇ ਹੋਰ ਆਉਣ ਦਾ ਡਰ ਹੈ।

ਪਿਛਲੇ ਵਿੱਤੀ ਵਰ੍ਹੇ ਦੌਰਾਨ 1,00,000 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆਈ ਸਰਹੱਦਾਂ ਬੰਦ ਹੋਣ ਕਾਰਨ ਆਸਟ੍ਰੇਲੀਆ ਨੂੰ ਛੱਡ ਗਏ ਹਨ, ਜਿਸ ਨਾਲ ਕਰੀਬ 10 ਬਿਲੀਅਨ ਡਾਲਰ ਦੇ ਨੁਕਸਾਨ ਨੇ ਯੂਨੀਵਰਸਿਟੀਆਂ ਨੂੰ ਆਪਣਾ ਸਟਾਫ ਤੇ ਕੋਰਸਾਂ ਵਿੱਚ ਕਟੌਤੀ ਕਰਨ ਦੇ ਲਈ ਮਜ਼ਬੂਰ ਕੀਤਾ ਹੈ। ਪਰ ਆਸਟ੍ਰੇਲੀਆ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਰਾਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਤਿਆਰ ਯੋਜਨਾਵਾਂ ਦੀ ਲੜੀ ਸ਼ੁਰੂ ਕਰਨ ਵਿੱਚ ਵਾਰ-ਵਾਰ ਅਸਫਲ ਰਹੀ ਹੈ।

# ਭਾਰਤ ਤੇ ਬ੍ਰਿਟੇਨ ਦੋਵੇਂ ਨੀਰਵ ਮੋਦੀ ਵਾਲੇ ਫੈਸਲੇ ਦੀ ਸਮੀਖਿਆ ਕਰਨ ਲੱਗੇ

ਲੰਡਨ, 12 ਅਗਸਤ (ਪੋਸਟ ਬਿਊਰੋ) - ਬ੍ਰਿਟੇਨ ਦੇ ਕਰਾਊਨ ਪ੍ਰਾਸੀਕਿਊਸ਼ਨ ਸਰਵਿਸ (ਸੀ ਪੀ ਐਸ) ਨੇ ਬੀਤੇ ਦਿਨੀਂ ਕਿਹਾ ਕਿ ਹਵਾਲਗੀ ਦੇ ਖਿਲਾਫ ਨੀਰਵ ਮੋਦੀ ਨੂੰ ਅਪੀਲ ਦੀ ਇਜਾਜ਼ਤ ਦੇਣ ਸਬੰਧੀ ਲੰਡਨ ਹਾਈ ਕੋਰਟ ਦੇ ਫੈਸਲੇ ਦੀ ਭਾਰਤ ਨਾਲ ਸਮੀਖਿਆ ਕੀਤੀ ਜਾ ਰਹੀ ਹੈ। ਹਾਈ ਕੋਰਟ ਦੇ ਇੱਕ ਜੱਜ ਨੇ ਸੋਮਵਾਰ ਨੂੰ ਭਗੌੜੇ ਹੀਰਾ ਕਾਰੋਬਾਰੀ ਨੂੰ ਮੈਜਿਸਟਰੇਟ ਕੋਰਟ ਦੇ ਫੈਸਲੇ ਖਿਲਾਫ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਸੀ।

ਮੈਜਿਸਟਰੇਟ ਕੋਰਟ ਨੇ ਨੀਰਵ ਮੋਦੀ ਨੂੰ ਭਾਰਤ ਦੇ ਹਵਾਲੇ ਕਰਨ ਦੇ ਪੱਖ ਦਾ ਫੈਸਲਾ ਸੁਣਾਇਆ ਸੀ ਤਾਂ ਕਿ ਉਹ ਉਥੇ ਜਾ ਕੇ ਭਾਰਤੀ ਕੋਰਟ ਵਿੱਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਸਕੇ। ਇਸੇ ਫੈਸਲੇ ਤੋਂ ਬਾਅਦ ਉਸ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਇੱਕ ਬੁਲਾਰੇ ਨੇ ਕਿਹਾ ਸੀ, ‘ਨੀਰਵ ਮੋਦੀ ਨੂੰ ਦੋ ਆਧਾਰਾਂ ਉੱਤੇ ਭਾਰਤ ਵਿੱਚ ਆਪਣੇ ਹਵਾਲੇ ਕਰਨ ਦੀ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਸੀ ਪੀ ਐਸ ਇਸ ਤੋਂ ਅੱਗੇ ਭਾਰਤ ਸਰਕਾਰ ਨਾਲ ਅੱਗੇ ਦੀ ਕਾਰਵਾਈ ਬਾਰੇ ਸਮੀਖਿਆ ਕਰ ਰਿਹਾ ਹੈ।''

ਜਸਟਿਸ ਮਾਰਟਿਨ ਚੇਂਬਰਲੇਨ ਨੇ ਸੋਮਵਾਰ ਨੂੰ ਨੀਰਵ ਮੋਦੀ ਨੂੰ ਅਪੀਲ ਕਰਨ ਦੀ ਇਜਾਜ਼ਤ ਦਿੰਦੇ ਹੋਏ ਕਿਹਾ ਸੀ ਕਿ ਨੀਰਵ ਦੇ ਵਕੀਲਾਂ ਵੱਲੋਂ ਉਸ ਦੇ ਤਣਾਅ ਵਿੱਚ ਆਉਣ ਅਤੇ ਖੁਦਕੁਸ਼ੀ ਦੇ ਖਤਰੇ ਦੇ ਸਬੰਧ ਵਿੱਚ ਜੋ ਤਰਕ ਪੇਸ਼ ਕੀਤੇ ਗਏ ਹਨ, ਉਹ ਸੁਣਵਾਈ ਯੋਗ ਹਨ। ਜੱਜ ਨੇ ਇਹ ਵੀ ਕਿਹਾ ਸੀ ਕਿ ਹਵਾਲਗੀ ਤੋਂ ਬਾਅਦ ਨੀਰਵ ਨੂੰ ਮੁੰਬਈ ਦੇ ਆਰਥਰ ਰੋਡ ਜੇਲ੍ਹ ਵਿੱਚ ਰੱਖਿਆ ਗਿਆ ਹੈ। ਅਜਿਹੇ ਵਿੱਚ ਇਨ੍ਹਾਂ ਮੁੱਦਿਆਂ ਉੱਤੇ ਸੁਣਵਾਈ ਕਰਨ ਦੀ ਲੋੜ ਹੈ ਕਿ ਕੀ ਉਥੇ ਖੁਦਕੁਸ਼ੀ ਨੂੰ ਰੋਕਣ ਦੇ ਢੁੱਕਵੇਂ ਉਪਾਅ ਹਨ ਜਾਂ ਨਹੀਂ।

# ਅਗਲੀਆਂ ਫੈਡਰਲ ਚੋਣਾਂ ਵਿਚ ਖੜ੍ਹੇ ਨਹੀਂ ਹੋਣਗੇ ਲਿਬਰਲ ਐਮਪੀ ਵਾਅਨ, ਮੈਕਕ੍ਰਿਮਨ ਤੇ ਐਮੌਸ

ਓਟਵਾ, 12 ਅਗਸਤ (ਪੋਸਟ ਬਿਊਰੋ) : ਲਿਬਰਲ ਐਮਪੀਜ਼ ਐਡਮ ਵਾਅਨ, ਵਿੱਲ ਐਮੋਸ ਤੇ ਕੈਰਨ ਮੈਕਕ੍ਰਿਮਨ ਦਾ ਕਹਿਣਾ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ।

ਇੱਕ ਇੰਟਰਵਿਊ ਵਿੱਚ ਵਾਅਨ ਨੇ ਆਖਿਆ ਕਿ 15 ਸਾਲ ਸਿਆਸਤ ਵਿੱਚ ਗੁਜ਼ਾਰਨ ਤੋਂ ਬਾਅਦ ਹੁਣ ਉਨ੍ਹਾਂ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਉਹ ਆਪਣੇ ਟੋਰਾਂਟੋ ਦੇ ਹਲਕੇ ਤੋਂ ਮੁੜ ਚੋਣਾਂ ਵਿੱਚ ਖੜ੍ਹੇ ਹੋਣ ਦੀ ਥਾਂ 60 ਸਾਲ ਦਾ ਹੋਣ ਤੋਂ ਬਾਅਦ ਆਪਣੇ ਪਰਿਵਾਰ ਨਾਲ ਵਧੇਰੇ ਸਮਾਂ ਬਿਤਾਉਣਗੇ। ਸਪੈਡਿਨਾ-ਫੋਰਟ ਤੋਂ ਯੌਰਕ ਐਮਪੀ ਨੇ ਆਖਿਆ ਕਿ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਪਹਿਲਾਂ ਜਿਹੜਾ ਕੰਮ ਉਹ ਚੁਸਤੀ ਨਾਲ ਕਰ ਲੈਂਦੇ ਸਨ ਹੁਣ ਉਹ ਕੰਮ ਅੱਧੀ ਸਪੀਡ ਉੱਤੇ ਵੀ ਨਹੀਂ ਕਰ ਪਾਉਂਦੇ ਤੇ ਉਨ੍ਹਾਂ



ਨੂੰ ਲੱਗਦਾ ਹੈ ਕਿ ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਉਹ ਆਪਣੇ ਅਹੁਦੇ ਨਾਲ ਬੇਇਨਸਾਫੀ ਕਰਨਗੇ।

ਆਪਣੇ ਟਵਿੱਟਰ ਐਕਾਊਂਟ ਉੱਤੇ ਓਟਵਾ ਤੋਂ ਐਮਪੀ ਮੈਕਕ੍ਰਿਮਨ ਨੇ ਆਖਿਆ ਕਿ ਸਿਹਤ ਸਬੰਧੀ ਆ ਰਹੀਆਂ ਚੁਣੌਤੀਆਂ ਕਾਰਨ ਉਹ ਆਪਣੇ ਕਨਾਟਾ-ਕਾਰਲਟਨ ਹਲਕੇ ਤੋਂ ਦੁਬਾਰਾ ਚੋਣਾਂ ਨਹੀਂ ਲੜਨਾ ਚਾਹੁੰਦੀ। ਉਨ੍ਹਾਂ ਆਖਿਆ ਕਿ ਕਿਸੇ ਵੱਲੋਂ ਅਜਿਹਾ ਕਰਨ ਲਈ ਉਨ੍ਹਾਂ ਉੱਤੇ ਦਬਾਅ ਨਹੀਂ ਪਾਇਆ ਜਾ ਰਿਹਾ ਪਰ ਉਨ੍ਹਾਂ ਵੱਲੋਂ ਆਪ ਹੀ ਇਹ ਫੈਸਲਾ ਕੀਤਾ ਗਿਆ ਹੈ।

2015 ਤੋਂ ਕਿਊਬਿਕ ਦੇ ਪੌਂਟੀਐਕ ਹਲਕੇ ਦੀ ਅਗਵਾਈ ਕਰ ਰਹੇ ਐਮੌਸ ਨੇ ਆਖਿਆ ਕਿ ਆਪਣੇ ਪਰਿਵਾਰ ਨਾਲ ਸਾਰੀਆਂ ਸੰਭਾਂਵਨਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਇਹੋ ਫੈਸਲਾ ਕੀਤਾ ਗਿਆ ਹੈ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ।

# ਕੈਨੇਡੀਅਨ ਨਾਗਰਿਕ ਵੱਲੋਂ ਮੌਤ ਦੀ ਸਜ਼ਾ ਖਿਲਾਫ ਕੀਤੀ ਅਪੀਲ ਚੀਨ ਦੀ ਅਦਾਲਤ ਨੇ ਠੁਕਰਾਈ

ਬੀਜਿੰਗ, 12 ਅਗਸਤ (ਪੋਸਟ ਬਿਊਰੋ) : ਚੀਨ ਵਿੱਚ ਡਰੱਗ ਮਾਮਲੇ ਵਿੱਚ ਫੜ੍ਹੇ ਗਏ ਕੈਨੇਡੀਅਨ ਵੱਲੋਂ ਮੌਤ ਦੀ ਸਜ਼ਾ ਖਿਲਾਫ ਕੀਤੀ ਗਈ ਅਪੀਲ ਮੰਗਲਵਾਰ ਨੂੰ ਚੀਨ ਦੀ ਅਦਾਲਤ ਵੱਲੋਂ ਰੱਦ ਕਰ ਦਿੱਤੀ ਗਈ।



ਰੌਬਰਟ ਸ਼ੈਲਨਬਰਗ ਨੂੰ ਨਵੰਬਰ 2018 ਵਿੱਚ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿੱਚ ਫੜ੍ਹਿਆ ਗਿਆ ਸੀ ਤੇ ਤਥਾ ਕਥਿਤ ਤੌਰ ਉੱਤੇ ਇਸ ਮਾਮਲੇ ਵਿੱਚ ਦੋਸ਼ੀ ਵੀ ਠਹਿਰਾਇਆ ਗਿਆ ਸੀ। ਚੀਨ ਦੀ ਟੈਕਨੀਕਲ ਜਾਇੰਟ ਕੰਪਨੀ ਹੁਆਵੇ ਟੈਕਨਾਲੋਜੀ ਲਿਮਟਿਡ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਅਮਰੀਕਾ ਦੀ ਅਪੀਲ ਉੱਤੇ ਵੈਨਕੂਵਰ ਵਿੱਚ ਨਜ਼ਰਬੰਦ ਕੀਤੇ ਜਾਣ ਤੋਂ ਬਾਅਦ ਇਹ ਸੱਭ ਹੋਇਆ। ਚੀਨੀ ਸਰਕਾਰ ਵੱਲੋਂ ਕੈਨੇਡੀਅਨ ਸਰਕਾਰ ਉੱਤੇ ਵਾਂਗਜ਼ੋਊ ਨੂੰ ਰਿਹਾਅ ਕਰਨ ਲਈ ਦਬਾਅ ਪਾਉਣ ਦੇ ਬਾਵਜੂਦ ਜਦੋਂ ਕੰਮ ਨਹੀਂ ਬਣਿਆਂ ਤਾਂ ਜਨਵਰੀ 2019 ਵਿੱਚ ਅਚਾਨਕ ਸ਼ੈਲਨਬਰਗ ਦੀ ਸਜ਼ਾ ਵਧਾ ਕੇ ਮੌਤ ਦੀ ਸਜ਼ਾ ਵਿੱਚ ਤਬਦੀਲ ਕਰ ਦਿੱਤੀ ਗਈ।

ਲਿਆਓਨਿੰਗ ਪ੍ਰੋਵਿੰਸ ਦੀ ਹਾਇਅਰ ਪੀਪਲਜ਼ ਕੋਰਟ ਵੱਲੋਂ ਸ਼ੈਲਨਬਰਗ ਦੀ ਅਪੀਲ ਇਹ ਆਖਦਿਆਂ ਹੋਇਆਂ ਖਾਰਜ ਕਰ ਦਿੱਤੀ ਕਿ ਇਹ ਸਜ਼ਾ ਬਿਲਕੁਲ ਢੁਕਵੀਂ ਹੈ ਤੇ ਹੇਠਲੀ ਅਦਾਲਤ ਦੀ ਕਾਰਵਾਈ ਬਿਲਕੁਲ ਸਹੀ ਹੈ ਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੀਤੀ ਗਈ ਹੈ। ਇਹ ਮਾਮਲਾ ਮੁਲਾਂਕਣ ਲਈ ਚੀਨ ਦੀ ਸਰਬਉੱਚ ਅਦਾਲਤ ਨੂੰ ਭੇਜਿਆ ਗਿਆ ਹੈ।

# ਸਰਹੱਦ ਖੁੱਲ੍ਹਣ ਤੋਂ ਬਾਅਦ ਵਹੀਰਾਂ ਘੱਤ ਕੇ ਅਮੈਰੀਕਨ ਟੂਰਿਸਟ ਪਹੁੰਚੇ ਨਾਇਗਰਾ ਫਾਲਜ਼

ਨਾਇਗਰਾ ਫਾਲਜ਼, ਓਨਟਾਰੀਓ, 12 ਅਗਸਤ (ਪੋਸਟ ਬਿਊਰੋ) : ਇੱਕ ਸਾਲ ਤੋਂ ਬਾਅਦ ਸੋਮਵਾਰ ਨੂੰ ਕੈਨੇਡਾ ਸਰਕਾਰ ਵੱਲੋਂ ਸਰਹੱਦ ਖੋਲ੍ਹੇ ਜਾਣ ਤੋਂ ਬਾਅਦ ਪਹਿਲੇ ਦਿਨ ਹੀ ਅਮੈਰੀਕਨ ਟੂਰਿਸਟ ਦਾ ਨਾਇਗਰਾ ਰੀਜਨ ਵਿੱਚ ਤਾਂਤਾ ਲੱਗ ਗਿਆ। ਬੀਤੇ ਦਿਨੀਂ ਟੂਰਿਸਟ ਵਹੀਰਾਂ ਘੱਤ ਕੇ ਨਾਇਗਰਾ ਫਾਲਜ਼ ਦੇ ਦ੍ਰਿਸ਼ਾਂ ਦਾ ਆਨੰਦ ਮਾਨਣ, ਇਸ ਇਲਾਕੇ ਦੇ ਹੋਰਨਾਂ ਖੂਬਸੂਰਤ ਨਜ਼ਾਰਿਆਂ ਦਾ ਮਜ਼ਾ ਲੈਣ ਤੇ ਨੇੜਲੀ ਵਾਈਨ ਕੰਟਰੀ ਦਾ ਲੁਤਫ ਉਠਾਉਣ ਲਈ ਕੈਨੇਡਾ ਪਹੁੰਚ ਗਏ।

ਦੂਜੇ ਪਾਸੇ ਲੰਮੇਂ ਸੋਕੇ ਦਾ ਸ਼ਿਕਾਰ ਹੋਏ ਕੈਨੇਡਾ ਦੇ ਲੋਕਲ ਕਾਰੋਬਾਰੀਆਂ, ਜਿਹੜੇ ਮੁੱਖ ਤੌਰ ਉੱਤੇ ਟੂਰਿਜ਼ਮ ਉੱਤੇ ਹੀ ਨਿਰਭਰ ਹਨ, ਵੱਲੋਂ ਵੀ ਦਿਲ ਖੋਲ੍ਹ ਕੇ ਇਨ੍ਹਾਂ ਟੂਰਿਸਟਸ ਦਾ ਸਵਾਗਤ ਕੀਤਾ ਗਿਆ। ਓਨਟਾਰੀਓ ਦੇ ਸਰਹੱਦੀ ਰੀਜਨ ਨਾਇਗਰਾ ਦੇ ਕਾਰੋਬਾਰੀਆਂ ਨੇ ਆਖਿਆ ਕਿ ਉਹ ਲੰਮੇਂ ਸਮੇਂ ਤੋਂ ਸਰਹੱਦਾਂ ਖੁੱਲ੍ਹਣ



ਦਾ ਇੰਤਜ਼ਾਰ ਕਰ ਰਹੇ ਸਨ।

ਨਾਇਗਰਾ ਫਾਲਜ਼ ਟੂਰਿਜ਼ਮ ਦੀ ਹੈੱਡ ਜੈਨਿਸ ਥੌਮਸਨ ਨੇ ਆਖਿਆ ਕਿ 17 ਮਹੀਨੇ ਦੇ ਲੰਮੇਂ ਇੰਤਜ਼ਾਰ ਤੋਂ ਬਾਅਦ ਇਨ੍ਹਾਂ ਕਾਰੋਬਾਰੀਆਂ ਨੂੰ ਟੂਰਿਸਟਸ ਦਾ ਮੂੰਹ ਵੇਖਣ ਨੂੰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਲੱਗਭਗ 30 ਫੀ ਸਦੀ ਵਿਜ਼ੀਟਰਜ਼ ਅਮਰੀਕਾ ਤੋਂ ਹੀ ਇੱਥੇ ਆਉਂਦੇ ਹਨ। ਇਸ ਦੌਰਾਨ ਨਾਇਗਰਾ ਵਾਈਨ ਟੂਰਜ਼ ਇੰਟਰਨੈਸ਼ਨਲ ਦੇ ਮਾਲਕ ਨੇ ਆਖਿਆ ਕਿ ਵਾਈਨ ਕੰਟਰੀ ਵਿੱਚ ਮੰਗ ਉਦੋਂ ਤੋਂ ਵੱਧ ਗਈ ਹੈ ਜਦੋਂ ਤੋਂ ਓਨਟਾਰੀਓ ਵਿੱਚ ਰੀਓਪਨਿੰਗ ਸ਼ੁਰੂ ਹੋਈ ਸੀ ਤੇ ਹੁਣ ਸਰਹੱਦ ਖੁੱਲ੍ਹਣ ਤੋਂ ਬਾਅਦ ਇਸ ਮੰਗ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਵਧੀ ਹੈ।

ਨਾਇਗਰਾ ਫਾਲਜ਼ ਤੇ ਨਾਇਗਰਾ-ਆਨ-ਦ-ਲੇਕ ਲੋਕੇਸ਼ਨਜ਼ ਦੇ ਮਾਲਕ ਜ਼ਹੀਰ ਇਸਮਾਇਲ ਨੇ ਆਖਿਆ ਕਿ ਇੱਕ ਵਾਰੀ ਫਿਰ ਅਮੈਰੀਕਨ ਕਸਟਮਰਜ਼ ਦੀ ਸੇਵਾ ਕਰਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਨਾਲ ਨਾਲ ਟੂਰਿਸਟ ਵੀ ਪਬਲਿਕ ਹੈਲਥ ਪ੍ਰੋਟਕਾਲਜ਼ ਦਾ ਪੂਰਾ ਪਾਲਣ ਕਰਨਗੇ ਤਾਂ ਕਿ ਸਾਨੂੰ ਹੋਰ ਲਾਕਡਾਊਨ ਨਾ ਵੇਖਣੇ ਪੈਣ।

ਮੇਅਰ ਜਿੰਮ ਡੇਓਡਾਟੀ ਨੇ ਆਖਿਆ ਕਿ ਸਿਟੀ ਨੂੰ ਇਹ ਵੇਖ ਕੇ ਖੁਸ਼ੀ ਹੋ ਰਹੀ ਹੈ ਕਿ ਇੱਕ ਵਾਰੀ ਮੁੜ ਆਮ ਵਰਗੇ ਹਾਲਾਤ ਦਾ ਅਹਿਸਾਸ ਮੁੜ ਆਇਆ ਹੈ। ਉਨ੍ਹਾਂ ਆਖਿਆ ਕਿ ਅਮੈਰੀਕਨ ਟੂਰਿਸਟਸ ਨੂੰ ਵੀ ਹੁਣ ਸਬਰ ਨਾਲ ਕਦਮ ਚੁੱਕਣੇ ਚਾਹੀਦੇ ਹਨ ਤੇ ਵਾਹੋ ਦਾਹੀ ਕੈਨੇਡਾ ਵੱਲੋਂ ਬਾਰਡਰ ਖੋਲ੍ਹਣ ਦਾ ਲਾਹਾ ਲੈਂਦਿਆਂ ਹੋਇਆਂ ਇੱਧਰ ਦਾ ਰੁਖ ਕਰਨ ਦੀ ਥਾਂ ਨਿਯਮਾਂ ਦੀ ਪਾਲਣਾਂ ਕਰਦਿਆਂ ਹੋਇਆਂ ਸਾਂਭ ਸਾਂਭ ਕੇ ਕਦਮ ਰੱਖਣੇ ਚਾਹੀਦੇ ਹਨ।

# ਮੈਕਡੌਨਲਡ ਨੂੰ ਉੱਘੇ ਮਿਲਟਰੀ ਕਮਾਂਡਰ ਵਜੋਂ ਬਹਾਲ ਨਾ ਕਰਨ ਦੀ ਅਪੀਲ

ਓਟਵਾ, 12 ਅਗਸਤ (ਪੋਸਟ ਬਿਊਰੋ) : ਐਡਮਿਰਲ ਆਰਟ ਮੈਕਡੌਨਲਡ ਖਿਲਾਫ ਛੇ ਮਹੀਨੇ ਤੱਕ ਚੱਲੀ ਜਾਂਚ ਤੋਂ ਬਾਅਦ ਵੀ ਭਾਵੇਂ ਪੁਲਿਸ ਵੱਲੋਂ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ ਪਰ ਕੈਨੇਡਾ ਦੇ ਉੱਘੇ ਫੌਜੀ ਕਮਾਂਡਰ ਵਜੋਂ ਉਨ੍ਹਾਂ ਨੂੰ ਬਹਾਲ ਨਾ ਕੀਤੇ ਜਾਣ ਦੀ ਫੈਡਰਲ ਲਿਬਰਲ ਸਰਕਾਰ ਤੋਂ ਅਪੀਲ ਕੀਤੀ ਜਾ ਰਹੀ ਹੈ।



ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ (ਸੀ ਐਫ ਐਨ ਆਈ ਐਸ)ਵੱਲੋਂ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਮੈਕਡੌਨਲਡ ਖਿਲਾਫ ਕੋਈ ਠੋਸ ਸਬੂਤ ਨਹੀਂ ਮਿਲੇ ਹਨ ਇਸ ਲਈ ਉਨ੍ਹਾਂ ਨੂੰ ਚਾਰਜ ਕਰਨ ਦੀ ਕੋਈ ਤੁਕ ਨਹੀਂ ਬਣਦੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰੱਖਿਆ ਮੰਤਰੀ ਹਰਜੀਤ ਸੱਜਣ ਵੱਲੋਂ ਇਸ ਸਬੰਧ ਵਿੱਚ ਅਜੇ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ।

ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਸੀ ਐਫ ਐਨ ਆਈ ਐਸ ਵੱਲੋਂ ਕੀਤੀ ਜਾ ਰਹੀ ਜਾਂਚ ਦਰਮਿਆਨ ਫਰਵਰੀ ਵਿੱਚ ਮੈਕਡੌਨਲਡ ਨੇ ਆਰਜ਼ੀ ਤੌਰ ਉੱਤੇ ਆਪਣਾ ਅਹੁਦਾ ਛੱਡਿਆ ਸੀ। ਸਰਕਾਰ ਵੱਲੋਂ ਅਜੇ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਚੀਫ ਆਫ ਡਿਫੈਂਸ ਸਟਾਫ ਵਜੋਂ ਮੈਕਡੌਨਲਡ ਨੂੰ ਬਹਾਲ ਕੀਤਾ ਜਾਵੇਗਾ ਜਾਂ ਨਹੀਂ। ਮੈਕਡੌਨਲਡ ਖਿਲਾਫ ਜਦੋਂ ਜਾਂਚ ਸ਼ੁਰੂ ਹੋਈ ਸੀ ਉਸ ਸਮੇਂ ਉਨ੍ਹਾਂ ਨੂੰ ਚੀਫ ਆਫ ਡਿਫੈਂਸ ਸਟਾਫ ਦਾ ਅਹੁਦਾ ਸਾਂਭਿਆਂ ਨੂੰ ਅਜੇ ਮਸ੍ਹਾਂ ਪੰਜ ਹਫਤੇ ਹੀ ਹੋਏ ਸਨ।

ਭਾਵੇਂ ਮੈਕਡੌਨਲਡ ਖਿਲਾਫ ਲੱਗੇ ਦੋਸ਼ਾਂ ਦੀ ਜਨਤਕ ਤੌਰ ਉੱਤੇ ਪੁਸ਼ਟੀ ਨਹੀਂ ਕੀਤੀ ਗਈ ਪਰ ਸੀ ਬੀ ਸੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਦੋਸ਼ ਜਿਨਸੀ ਸ਼ੋਸ਼ਣ ਨਾਲ ਸਬੰਧਤ ਸਨ। ਇਹ ਮਾਮਲਾ ਉਸ ਸਮੇਂ ਦਾ ਹੈ ਜਦੋਂ 2010 ਵਿੱਚ ਮੈਕਡੌਨਲਡ ਕੈਨੇਡੀਅਨ ਵਾਰਸ਼ਿਪ ਦੇ ਕਮਾਂਡਿੰਗ ਅਫਸਰ ਸਨ। ਫਰਵਰੀ ਤੋਂ ਹੀ ਕੈਨੇਡੀਅਨ ਆਰਮੀ ਕਮਾਂਡਰ ਲੈਫਟੀਨੈਂਟ ਵੇਅਨ ਏਅਰ ਨੇ ਕਾਰਜਕਾਰੀ ਡਿਫੈਂਸ ਚੀਫ ਦਾ ਅਹੁਦਾ ਸਾਂਭਿਆ ਹੋਇਆ ਹੈ। ਮੈਕਡੌਨਲਡ ਵੱਲੋਂ ਵੀ ਅਜੇ ਇਸ ਸਬੰਧ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਗਈ।

ਕੁੱਝ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਜਾਂਚ ਸਿਵਲੀਅਨ ਅਥਾਰਟੀਜ਼ ਦੀ ਥਾਂ ਉੱਤੇ ਮਿਲਟਰੀ ਵੱਲੋਂ ਹੀ ਕੀਤੀ ਗਈ ਹੈ ਤੇ ਉਨ੍ਹਾਂ ਨੂੰ ਚਾਰਜ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਕਾਰਨ ਇਹ ਸ਼ੱਕ ਉੱਠਣਾ ਸੁਭਾਵਿਕ ਹੈ ਕਿ ਕੀ ਇਸ ਮਾਮਲੇ ਨੂੰ ਚੰਗੀ ਤਰ੍ਹਾਂ ਹੈਂਡਲ ਕੀਤਾ ਵੀ ਗਿਆ ਹੈ? ਜੇ ਮੈਕਡੌਨਲਡ ਨੂੰ ਬਹਾਲ ਕਰ ਦਿੱਤਾ ਜਾਂਦਾ ਹੈ ਤਾਂ ਇਸ ਵਿੱਚ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਉਸ ਹੱਥੋਂ ਜਿਨਸੀ ਸ਼ੋਸ਼ਣ ਸਹਿ ਚੁੱਕੇ ਸਰਵਿਸ ਮੈਂਬਰਜ਼ ਦਾ ਯਕੀਨ ਲੀਡਰਸ਼ਿਪ ਤੋਂ ਉੱਠ ਜਾਵੇਗਾ।

# ਸਰਹੱਦਾਂ ਖੋਲ੍ਹ ਕੇ ਅਸੀਂ ਚੌਥੀ ਵੇਵ ਨੂੰ ਦੇ ਰਹੇ ਹਾਂ ਸੱਦਾ : ਮਾਹਿਰ



ਓਨਟਾਰੀਓ, 12 ਅਗਸਤ (ਪੋਸਟ ਬਿਊਰੋ) : ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਬਾਰਡਰ ਉੱਤੇ ਪਾਬੰਦੀਆਂ ਵਿੱਚ ਢਿੱਲ ਦੇਣ ਨਾਲ ਓਨਟਾਰੀਓ ਵਿੱਚ ਹੁਣ ਕੋਵਿਡ-19 ਦੀ ਚੌਥੀ ਵੇਵ ਆ ਕੇ ਰਹੇਗੀ। ਕਈ ਮਾਹਿਰਾਂ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ ਕੈਨੇਡਾ ਵਿੱਚ ਚੌਥੀ ਵੇਵ ਆ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਸਰਹੱਦ ਖੋਲ੍ਹਣ ਦਾ ਫੈਸਲਾ ਕੁੱਝ ਸਮਾਂ ਪਹਿਲਾਂ ਉਦੋਂ ਲਿਆ ਗਿਆ ਸੀ ਜਦੋਂ ਕੈਨੇਡਾ ਤੇ ਅਮਰੀਕਾ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਕਮੀ ਪਾਈ ਗਈ ਸੀ। ਪਰ ਪਿਛਲੇ ਕੁੱਝ ਹਫਤਿਆਂ ਤੋਂ ਡੈਲਟਾ ਵੇਰੀਐਂਟ ਕਰਕੇ ਕੋਵਿਡ-19 ਦੇ ਮਾਮਲੇ ਮੁੜ ਵਧ ਜਾਣ ਕਾਰਨ ਹੀ ਮਾਹਿਰਾਂ ਵੱਲੋਂ ਇਹ ਰਾਇ ਪੇਸ਼ ਕੀਤੀ ਗਈ ਹੈ। ਜਦੋਂ ਫੈਡਰਲ ਸਰਕਾਰ ਵੱਲੋਂ 19 ਜੁਲਾਈ ਨੂੰ ਬਾਰਡਰ ਮਾਪਦੰਡਾਂ ਸਬੰਧੀ ਅਪਡੇਟ ਦਿੱਤੀ ਗਈ ਸੀ ਤਾਂ ਓਨਟਾਰੀਓ ਵਿੱਚ ਇੱਕ ਹਫਤੇ ਵਿੱਚ ਕੋਵਿਡ-19 ਦੇ 155 ਮਾਮਲੇ ਰਹਿ ਗਏ ਸਨ। ਇੱਕ ਹਫਤੇ ਪਹਿਲਾਂ 196 ਮਾਮਲਿਆਂ ਤੋਂ ਹੁਣ ਕੇਸਾਂ ਦੀ ਔਸਤ ਗਿਣਤੀ ਮੁੜ 261 ਤੋਂ ਵੀ ਉੱਪਰ ਤੱਕ ਅੱਪੜ ਚੁੱਕੀ ਹੈ। ਇਸ ਗਿਣਤੀ ਵਿੱਚ ਨਿੱਤਦਿਨ ਵਾਧਾ ਵੀ ਦਰਜ ਕੀਤਾ ਜਾ ਰਿਹਾ ਹੈ।

ਯੂਨੀਵਰਸਿਟੀ ਹੈਲਥ ਨੈੱਟਵਰਕ ਵਿਖੇ ਇਨਫੈਕਸ਼ਨ ਪ੍ਰਿਵੈਂਸ਼ਨ ਐਂਡ ਕੰਟਰੋਲ ਦੀ ਮੈਡੀਕਲ ਡਾਇਰੈਕਟਰ ਡਾ. ਸੂਜ਼ੀ ਹੋਤਾ ਨੇ ਆਖਿਆ ਕਿ ਸਰਹੱਦਾਂ ਖੋਲ੍ਹਣ ਲਈ ਇਹ ਸਮਾਂ ਕਾਫੀ ਰਿਸਕੀ ਹੈ। ਹੋਤਾ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਸਰਹੱਦ ਖੋਲ੍ਹਣ ਤੋਂ ਬਾਅਦ ਗੈਰ ਜ਼ਰੂਰੀ ਕਾਰਨਾਂ ਕਰਕੇ ਵੀ ਅਮੈਰੀਕਨਜ਼ ਨੂੰ ਕੈਨੇਡਾ ਆਉਣ ਦੀ ਖੁੱਲ੍ਹ ਮਿਲ ਜਾਵੇਗੀ ਤੇ ਇਸ ਨਾਲ ਕੋਵਿਡ-19 ਦੇ ਹੋਰ ਮਾਮਲੇ ਅਸੀਂ ਇੰਪੋਰਟ ਕਰ ਲਵਾਂਗੇ।

ਇਸ ਦੌਰਾਨ ਬਾਇਓਸਟੈਟੇਸਟੀਸ਼ੀਅਨ ਰਾਇਲ ਇਗ੍ਰੰਡ ਨੇ ਆਖਿਆ ਕਿ ਓਨਟਾਰੀਓ ਵਿੱਚ ਚੌਥੀ ਵੇਵ ਫੋਰਡ ਸਰਕਾਰ ਦੇ ਵੈਕਸੀਨੇਸ਼ਨ ਦੇ ਸਬੂਤ ਸਬੰਧੀ ਸਿਸਟਮ ਨੂੰ ਲਾਗੂ ਕਰਨ ਵਿੱਚ ਕੀਤੀ ਜਾਣ ਵਾਲੀ ਆਨਾਕਾਨੀ ਕਾਰਨ ਆਵੇਗੀ। ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਲਬਰਟਾ, ਬੀਸੀ, ਓਨਟਾਰੀਓ, ਕਿਊਬਿਕ ਤੇ ਸਸਕੈਚਵਨ ਵਿੱਚ ਇਸ ਸਮੇਂ ਚੌਥੀ ਵੇਵ ਚੱਲ ਰਹੀ ਹੈ।

# ਭੈਣ ਨਾਲ ਬਲਾਤਕਾਰ ਤੋਂ ਪ੍ਰੇਸ਼ਾਨ ਭਰਾ ਵੱਲੋਂ ਆਤਮਹੱਤਿਆ

ਮਲੋਟ, 12 ਅਗਸਤ (ਪੋਸਟ ਬਿਊਰੋ)- ਏਥੋਂ ਨੇੜਲੇ ਇੱਕ ਪਿੰਡ ਵਿੱਚ ਵਿਅਕਤੀ ਵੱਲੋਂ 19 ਸਾਲਾ ਲੜਕੀ ਦੇ ਨਾਲ ਡਰਾ ਧਮਕਾ ਕੇ ਵਾਰ-ਵਾਰ ਬਲਾਤਕਾਰ ਕਰਨ ਦਾ ਕੇਸ ਸਾਹਮਣੇ ਆਇਆ ਹੈ।

ਇਸ ਬਾਰੇ ਪੀੜਤਾ ਨੇ ਸਦਰ ਮਲੋਟ ਦੀ ਪੁਲਸ ਨੂੰ ਦਰਜ਼ ਕਰਵਾਈ ਸ਼ਿਕਾਇਤ ਵਿੱਚ ਕਿਹਾ ਕਿ ਗੁਰਵਿੰਦਰ ਸਿੰਘ ਪਿਛਲੇ ਲੰਬੇ ਸਮੇਂ ਤੋਂ ਆਪਣੀ ਚਾਚੀ ਦੇ ਘਰ ਬੁਲਾ ਕੇ ਉਸਦੇ ਨਾਲ ਬਲਾਤਕਾਰ ਕਰਦਾ ਆ ਰਿਹਾ ਸੀ। ਵਿਰੋਧ ਕਰਨ ਉੱਤੇ ਉਹ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੰਦਾ ਸੀ। ਕੁਝ ਦਿਨ ਪਹਿਲਾਂ ਦੋਸ਼ੀ ਨੇ ਉਸ ਦੇ ਘਰ ਆ ਕੇ ਜਬਰਦਸ਼ਤੀ ਉਸਦੀਆਂ ਫੋਟੋਆਂ ਵੀ ਖਿੱਚੀਆਂ। ਉਸ ਦੇ ਭਰਾ ਨੇ ਉਕਤ ਦੋਸ਼ੀ ਨੂੰ ਇਨ੍ਹਾਂ ਹਰਕਤਾਂ ਤੋਂ ਬਾਜ਼ ਆਉਣ ਲਈ ਕਿਹਾ ਤਾਂ ਉਸ ਨੇ ਉਸਦੇ ਭਰਾ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ,ਜਿਸ ਤੋਂ ਪਰੇਸ਼ਾਨ ਹੋ ਕੇ ਭਰਾ ਨੇ ਆਤਮਹੱਤਿਆ ਕਰ ਲਈ ਹੈ। ਇਸ ਬਾਰੇ ਸਦਰ ਮਲੋਟ ਪੁਲਸ ਨੇ ਦੋਸ਼ੀ ਗੁਰਵਿੰਦਰ ਸਿੰਘ ਤੇ ਉਸਦੀ ਚਾਚੀ ਰਮਨਦੀਪ ਕੌਰ ਪਤਨੀ ਸੁਖਦੇਵ ਸਿੰਘ ਦੇ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

Visions of Punjab



Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

# ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਐਤਵਾਰ ਨੂੰ ਕਨਰਗੇ ਫੈਡਰਲ ਚੋਣਾਂ ਦਾ ਐਲਾਨ



ਸੁਰਜੀਤ ਸਿੰਘ ਫਲੋਰਾ

ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਐਤਵਾਰ ਨੂੰ ਫੈਡਰਲ ਚੋਣਾਂ ਦਾ ਐਲਾਨ ਕਰਨ ਲਈ ਤਿਆਰ ਹਨ, ਸੂਤਰਾਂ ਨੇ ਕਿਹਾ, ਜਿਨ੍ਹਾਂ ਨੇ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕੀਤੀ ਹੈ। ਟਰੂਡੋ ਦੇ ਸਹਿਯੋਗੀ ਮਹੀਨਿਆਂ ਤੋਂ ਕਹਿੰਦੇ ਆ ਰਹੇ ਹਨ ਕਿ ਸੱਤਾਧਾਰੀ ਲਿਬਰਲ ਨਿਰਧਾਰਤ ਸਮੇਂ ਤੋਂ ਦੋ ਸਾਲ ਪਹਿਲਾਂ, 2021 ਦੇ ਅੰਤ ਤੋਂ ਚੌਣਾ ਦਾ ਬਿਗਲ ਬਜਾ ਦੇਣਗੇ।

ਟਰੂਡੋ ਕੋਲ ਸਿਰਫ ਘੱਟਗਿਣਤੀ ਵਾਲੀ ਲਗੜੀ ਸਰਕਾਰ ਹੈ ਅਤੇ ਜਦ ਵੀ ਕੋਈ ਬਿਲ ਜਾਂ ਰੱਦੋ ਬਦਲ ਕਰਨੀ ਹੋਵੇਂ ਤਾਂ ਦੂਸਰੀਆਂ ਪਾਰਟੀਆਂ ਨੂੰ ਆਪਣੀ ਬਿਸਾਖੀ ਬਣਾ ਕੇ ਚੱਲਣਾ ਪੈਂਦਾ ਹੈ।।ਹਾਲ ਹੀ ਦੇ ਮਹੀਨਿਆਂ ਵਿੱਚ ਉਸਨੇ ਉਸ ਬਾਰੇ ਸ਼ਿਕਾਇਤ ਕੀਤੀ ਹੈ ਜਿਸਨੂੰ ਉਹ ਵਿਰੋਧੀ ਧਿਰ ਦੀ ਰੁਕਾਵਟ ਕਹਿੰਦੇ ਮੰਨਦੇ ਹਨ। ਇਨ੍ਹਾਂ ਕਿਆਸਅਰਾਈਆਂ ਦੇ ਚੱਲਦਿਆਂ 20 ਸਤੰਬਰ ਨੂੰ ਵੋਟਾਂ ਪੈ ਸਕਦੀਆਂ ਹਨ।

ਮਹਾਂਮਾਰੀ ਵਿੱਚ ਫੈਡਰਲ ਪੱਧਰ ਉੱਤੇ ਚੋਣਾਂ ਹੋਣਗੀਆਂ ਜਾਂ ਨਹੀਂ ਇਸ ਬਾਰੇ ਕਈ ਮਹੀਨਿਆਂ ਦੀਆਂ ਕਿਆਸਅਰਾਈਆਂ ਤੋਂ ਬਾਅਦ ਇਹ ਪਤਾ ਲੱਗਿਆ ਹੈ ਕਿ ਟਰੂਡੋ ਇਸ ਵੀਕੈਂਡ ਉੱਤੇ ਰੀਡੋ ਹਾਲ ਵਿਖੇ ਗਵਰਨਰ ਜਨਰਲ ਮੈਰੀ ਸਾਇਮਨ ਨਾਲ ਮੁਲਾਕਾਤ ਕਰਨਗੇ ਤੇ 43ਵੀਂ ਸੰਸਦ ਭੰਗ ਕਰਨ ਦੀ ਮੰਗ ਕਰਨਗੇ। ਇਸ ਨਾਲ ਇਸ ਸਾਲ ਦੇ ਅੰਤ ਵਿੱਚ ਚੋਣਾਂ ਦੀਆਂ ਸੰਭਾਵਨਾਵਾਂ ਨੇ ਹੋਰ ਜ਼ੋਰ ਫੜ੍ਹ ਲਿਆ ਹੈ।

ਜੇ ਇਸ ਐਤਵਾਰ ਚੋਣ ਮੁਹਿੰਮ ਸ਼ੁਰੂ ਹੁੰਦੀ ਹੈ ਤਾਂ 2021 ਦੀਆਂ ਫੈਡਰਲ ਚੋਣਾਂ ਲਈ ਇਹ ਕੈਂਪੇਨ 36 ਦਿਨਾਂ ਤੱਕ ਚੱਲੇਗੀ, ਜੋ ਕਿ ਇਲੈਕਸ਼ਨਜ਼ ਲਾਅ ਤਹਿਤ ਮਨਜ਼ੂਰ ਸੱਭ ਤੋਂ ਘੱਟ ਅਰਸਾ ਹੈ। ਇਸ ਸਮੇਂ ਚੋਣਾਂ ਦਾ ਐਲਾਨ ਕਰਨ ਦਾ ਮਤਲਬ ਹੋਵੇਗਾ ਕੈਨੇਡੀਅਨਜ਼ ਨੂੰ ਪੰਜ ਹਫਤਿਆਂ ਤੱਕ ਕੈਂਪੇਨਿੰਗ ਵਿੱਚੋਂ ਲੰਘਣਾ ਹੋਵੇਗਾ, ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਪੂਰੇ ਦੇਸ਼ ਵਿੱਚ ਇੱਕ ਸਿਰੇ ਤੋਂ ਦੂਜੇ ਸਿਰ ਤੱਕ ਭੱਜ ਨੱਠ ਕਰਦਿਆਂ ਵੇਖਣਾ ਹੋਵੇਗਾ, ਪਾਰਟੀਆਂ ਦੇ ਉਮੀਦਵਾਰਾਂ ਨਾਲ ਮੁਲਾਕਾਤ ਕਰਨੀ ਹੋਵੇਗੀ, ਉਨ੍ਹਾਂ ਦੇ ਪਲੇਟਫਾਰਮਜ਼ ਸੁਣਨੇ ਹੋਣਗੇ ਤੇ ਇਹ ਸੱਭ ਮਹਾਂਮਾਰੀ ਦੇ ਇਸ ਦੌਰ ਵਿੱਚ ਸਿਹਤ ਸਬੰਧੀ ਪਾਬੰਦੀਆਂ ਦੇ ਬਾਵਜੂਦ ਕਰਨਾ ਹੋਵੇਗਾ।

ਹਾਲਾਂਕਿ ਅਗਲੀਆਂ ਚੋਣਾਂ, ਜੇ ਨਿਰਧਾਰਤ ਸਮੇਂ ਉੱਤੇ ਹੰਦੀਆਂ ਹਨ ਤਾਂ ਉਨ੍ਹਾਂ ਲਈ ਅਕਤੂਬਰ 2023 ਮਹੀਨਾ ਤੇ ਸਾਲ ਤੈਅ ਹੈ।ਘੱਟ ਗਿਣਤੀ ਸਰਕਾਰਾਂ ਚੋਣਾਂ ਦਰਮਿਆਨ ਮਸ੍ਹਾਂ ਹੀ ਚਾਰ ਸਾਲ ਦਾ ਸਮਾਂ ਪੂਰਾ ਕਰਦੀਆਂ ਹਨ। 2019 ਦੀਆਂ ਫੈਡਰਲ ਚੋਣਾਂ ਵਿੱਚ ਵੋਟਰਾਂ ਨੇ ਲਿਬਰਲਾਂ ਦੀ ਬਹੁਗਿਣਤੀ ਨੂੰ ਘਟਾ ਕੇ ਘੱਟਗਿਣਤੀ ਸਰਕਾਰ ਬਣਾ ਦਿੱਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਲਿਬਰਲਾਂ ਨੂੰ ਕਈ ਝਟਕੇ ਬਰਦਾਸ਼ਤ ਕਰਨੇ ਪਏ ਹਨ।



ਐਤਵਾਰ ਨੂੰ ਰੀਡੋ ਹਾਲ ਦੇ ਬਾਹਰ ਟਰੂਡੋ ਨੂੰ ਇਹ ਦੱਸਣਾ ਹੋਵੇਗਾ ਕਿ ਮਹਾਂਮਾਰੀ ਦੌਰਾਨ ਜਦੋਂ ਰੀਓਪਨਿੰਗ ਤੇ ਵੈਕਸੀਨੇਸ਼ਨ ਸਬੰਧੀ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ ਤੇ ਡੈਲਟਾ ਵੇਰੀਐਂਟ ਕਾਰਨ ਚੌਥੀ ਵੇਵ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਅਜਿਹੇ ਵਿੱਚ ਉਨ੍ਹਾਂ ਵੱਲੋਂ ਅਚਨਚੇਤੀ ਚੋਣਾਂ ਦਾ ਐਲਾਨ ਕਿਉਂ ਕੀਤਾ ਜਾ ਰਿਹਾ ਹੈ। ਇਸ ਉੱਤੇ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਅਚਨਚੇਤੀ ਚੋਣਾਂ ਖਿਲਾਫ ਗੱਲ ਕੀਤੀ ਜਾ ਰਹੀ ਹੈ ਪਰ ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਪੂਰੀਆਂ ਗਰਮੀਆਂ ਚੋਣਾਂ ਦੀ ਤਿਆਰੀ ਕਰਦਿਆਂ ਹੀ ਬਿਤਾਈਆਂ ਗਈਆਂ ਹਨ।

ਇਸ ਮਾਮਲੇ ਤੋਂ ਜਾਣੂ ਚਾਰ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਵਿਡ -19 ਨਾਲ ਲੜਨ ਦੀਆਂ ਸਰਕਾਰੀ ਯੋਜਨਾਵਾਂ ਲਈ ਵੋਟਰਾਂ ਦੀ ਮਨਜ਼ੂਰੀ ਲੈਣ ਲਈ 20 ਸਤੰਬਰ ਨੂੰ ਅਚਨਚੇਤ ਚੋਣਾਂ ਦੀ ਯੋਜਨਾ ਬਣਾ ਰਹੇ ਹਨ।

ਲਿਬਰਲਾਂ ਨੇ ਕਰਜ਼ੇ ਦੇ ਰਿਕਾਰਡ ਪੱਧਰ ਨੂੰ ਉੱਚਾ ਚੁੱਕਿਆ ਕਿਉਂਕਿ ਉਨ੍ਹਾਂ ਨੇ ਵਿਅਕਤੀਆਂ ਅਤੇ ਕਾਰੋਬਾਰਾਂ ਨੂੰ ਕੋਵਿਡ -19 ਤੋਂ ਬਚਾਉਣ ਲਈ ਬਹੁਤ ਜ਼ਿਆਦਾ ਖਰਚ ਕੀਤਾ। ਉਹ ਅਗਲੇ ਤਿੰਨ ਸਾਲਾਂ ਵਿੱਚ ਅਰਥ ਵਿਵਸਥਾ ਵਿੱਚ ਜੀਡੀਪੀ ਦੇ 3% ਅਤੇ 4% ਦੇ ਵਿਚਕਾਰ - 100 ਬਿਲੀਅਨ ਡਾਲਰ (80 ਬਿਲੀਅਨ ਡਾਲਰ) ਵਾਧੂ ਪਾਉਣ ਦੀ ਯੋਜਨਾ ਬਣਾ ਰਹੇ ਹਨ।

ਵਿਕਾਸ ਤੀਜੀ ਤਿਮਾਹੀ ਵਿੱਚ ਮੁੜ ਵਾਪਸੀ ਲਈ ਨਿਰਧਾਰਤ ਕੀਤਾ ਗਿਆ ਹੈ ਅਤੇ ਇਸ ਵੇਲੇ ਕੈਨੇਡਾ ਦੇ ਕੋਲ ਵਿਸ਼ਵ ਦੇ ਸਰਬੋਤਮ ਟੀਕਾਕਰਣ ਦੇ ਰਿਕਾਰਡਾਂ ਵਿੱਚੋਂ ਇੱਕ ਹੈ।

ਟਰੂਡੋ 2015 ਵਿਚ 338 ਸੀਟਾਂ ਦੇ ਬਹੁਮਤ ਨਾਲ ਸੱਤਾ ਵਿੱਚ ਪਹਿਲੀ ਵਾਰ ਆਏ ਸਨ, ਪਰ 2019 ਵਿੱਚ ਉਨ੍ਹਾਂ ਦੇ ਬਲੈਕਫੇਸ ਪਹਿਨਣ ਦੀਆਂ ਪੁਰਾਣੀਆਂ ਫੋਟੋਆਂ ਸਾਹਮਣੇ ਆਉਣ ਤੋਂ ਬਾਅਦ ਉਹ ਘੱਟ ਗਿਣਤੀ ਵਿੱਚ ਰਹਿ ਗਏ।

ਸੂਤਰਾਂ ਵਿੱਚੋਂ ਇੱਕ ਨੇ ਕਿਹਾ, "2019 ਤੋਂ ਹਾਲਾਤ ਵੱਡੇ ਪੱਧਰ' ਤੇ ਬਦਲ ਗਏ ਹਨ। ਸਾਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਕੈਨੇਡੀਅਨ ਆਰਥਿਕ ਸੁਧਾਰ ਲਈ ਸਾਡੀ ਯੋਜਨਾਵਾਂ ਦਾ ਸਮਰਥਨ ਕਰਦੇ ਹਨ ਜਾਂ ਨਹੀਂ।"

ਲਿਬਰਲਾਂ ਨੇ ਸਵੀਕਾਰ ਕੀਤਾ ਕਿ ਹੁਣ ਚੋਣਾਂ ਲਈ ਸੱਦਾ ਦੇਣਾ ਇੱਕ ਜੂਆ ਹੋਵੇਗਾ, ਇਹ ਵੇਖਦੇ ਹੋਏ ਕਿ ਹਾਲ ਹੀ ਦੇ ਓਪੀਨੀਅਨ ਪੋਲ ਸੁਝਾਉਂਦੇ ਹਨ ਕਿ ਪਾਰਟੀ ਨੂੰ ਅਜੇ ਬਹੁਮਤ ਦੀ ਗਾਰੰਟੀ ਨਹੀਂ ਹੈ ਅਤੇ ਕੋਵਿਡ ਦੀ ਚੌਥੀ ਲਹਿਰ ਦਾ ਜੋਖਮ ਹੈ।

ਉਸ ਨੇ ਕਿਹਾ ਕਿ, ਐਬੈਕਸ ਦੁਆਰਾ ਵੀਰਵਾਰ ਨੂੰ ਕੀਤੇ ਗਏ ਇੱਕ ਸਰਵੇਖਣ ਵਿੱਚ ਲਿਬਰਲਾਂ ਨੂੰ 37% ਅਤੇ ਕੰਜ਼ਰਵੇਟਿਵਾਂ ਨੂੰ 28% ਤੇ ਰੱਖਿਆ ਗਿਆ ਹੈ।

6 ਤੋਂ 11 ਅਗਸਤ ਦਰਮਿਆਨ ਕਰਵਾਏ ਗਏ 3,000 ਲੋਕਾਂ ਦੇ ਸਰਵੇ ਮੁਤਾਬਿਕ ਟਰੂਡੋ ਹਾਊਸ ਆਫ਼ ਕਾਮਨਜ਼ ਦਾ ਕੰਟਰੋਲ ਮੁੜ ਹਾਸਲ ਕਰ ਸਕਦੇ ਹਨ। ਲਿਬਰਲਾਂ ਕੋਲ ਇਸ ਵੇਲੇ 338 ਵਿੱਚੋਂ 155 ਸੀਟਾਂ ਹਨ। ਉਹਨਾਂ ਨੂੰ ਬਹੁਗਿਣਤੀ ਸਰਕਾਰ ਬਣਾਉਣ ਲਈ 170 ਸੀਟਾ ਦੀ ਲੋੜ ਹੈ।

ਰਸਮੀ ਤੌਰ 'ਤੇ ਇਸ ਮੁਹਿੰਮ ਨੂੰ ਸ਼ੁਰੂ ਕਰਨ ਲਈ ਟਰੂਡੋ ਨੂੰ ਰਾਜਪਾਲ ਮਹਾਰਾਣੀ ਐਲਿਜ਼ਾਬੈਥ ਦੇ ਨਿੱਜੀ ਪ੍ਰਤੀਨਿਧ ਗਵਰਨਰ ਜਨਰਲ ਮੈਰੀ ਸਾਈਮਨ ਨਾਲ ਮੁਲਾਕਾਤ ਕਰਕੇ ਸੰਸਦ ਨੂੰ ਭੰਗ ਕਰਨ ਦੀ ਮੰਗ ਕਰਨੀ ਪਵੇਗੀ।ਜੋ ਕਿਆਸਰਾਇਆ ਲਾਇਆਂ ਜਾ ਰਹੀਆਂ ਹਨ ਕਿ ਉਹ ਇਸ ਐਤਵਾਰ ਨੂੰ ਗਵਰਨਰ ਜਰਨਲ ਨੂੰ ਮਿਲ ਰਹੇ ਹਨ। ਸੰਵਿਧਾਨਕ ਮਾਹਰਾਂ ਦਾ ਕਹਿਣਾ ਹੈ ਕਿ ਸਾਈਮਨ ਬੇਨਤੀ ਨਾਲ ਸਹਿਮਤ ਹੋਣਗੇ।

## ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202




### Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




### ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

### Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

### ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

### Change Of Name

**I, Gurdip Singh S/o Piara Singh** of Mallian Khurd, Tehsil Nakodar, Distt Jalandhar Punjab, India presently R/o at 66-Dunwell Crescent Ajax Ontario LIT 0A7 Canada have changed my name to **GURDIP SINGH MALHI** for all purposes and all future purposes. All Concenred please note.



For more info Call 905-793-2202 or e-mail ads@punjabipost.ca

### ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

### ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

### WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

### A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

### ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

### ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।

# ਟਰਾਂਸ ਕੈਨੇਡਾ ਹਾਈਵੇਅ ਉੱਤੇ ਹੋਏ ਜ਼ਬਰਦਸਤ ਹਾਦਸੇ ਵਿੱਚ 2 ਹਲਾਕ, 3 ਜ਼ਖ਼ਮੀ



ਕੈਲਗਰੀ, 12 ਅਗਸਤ (ਪੋਸਟ ਬਿਊਰੋ) : ਅੱਜ ਸਵੇਰੇ ਟਰਾਂਸ ਕੈਨੇਡਾ ਹਾਈਵੇਅ ਉੱਤੇ ਇੱਕ ਸੈਮੀ, ਦੋ ਵੈਨਜ਼ ਤੇ ਇੱਕ ਕਾਰ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਇਸ ਜ਼ਬਰਦਸਤ ਹਾਦਸੇ ਤੋਂ ਬਾਅਦ ਕਾਫੀ ਸਮੇਂ ਲਈ ਹਾਈਵੇਅ ਦਾ ਇੱਕ ਵੱਡਾ ਹਿੱਸਾ ਅਧਿਕਾਰੀਆਂ ਨੂੰ ਬੰਦ ਕਰਨਾ ਪਿਆ।


ਇਹ ਹਾਦਸਾ ਸਵੇਰੇ 11:30 ਵਜੇ ਤੋਂ ਬਾਅਦ ਵਾਪਰਿਆ। ਆਰਸੀਐਮਪੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹਾਦਸਾ ਉਸ ਸਮੇਂ ਹੋਇਆ ਜਦੋਂ ਪੂਰਬ ਵੱਲ ਜਾ ਰਹੀ ਇੱਕ ਵੈਨ ਫਰੀਵੇਅ ਨੂੰ ਪਾਰ ਕਰਦੀ ਹੋਈ ਪੱਛਮ ਵਾਲੀਆਂ ਲੇਨਜ਼ ਵਿੱਚ ਦਾਖਲ ਹੋ ਗਈ ਤੇ ਸਾਹਮਣਿਓਂ ਆ ਰਹੀ ਕਾਰ ਨਾਲ ਜਾ ਟਕਰਾਈ। ਉਸੇ ਵੇਲੇ ਕਾਰ ਦੇ ਪਿੱਛੇ ਆ ਰਿਹਾ ਸੈਮੀ ਰੁਕ ਨਹੀਂ ਪਾਇਆ ਤੇ ਉਹ ਪਿੱਛੋਂ ਆ ਕੇ ਕਾਰ ਨਾਲ ਟਕਰਾ ਗਿਆ। ਫਿਰ ਉਸ ਦੇ ਪਿੱਛੇ ਆ ਰਹੀ ਵੈਨ ਸੈਮੀ ਨਾਲ ਜਾ ਟਕਰਾਈ।

ਦੋ ਵਿਅਕਤੀਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਤੇ ਈ ਐਮ ਐਸ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ। ਸੈਮੀ ਦੇ ਡਰਾਈਵਰ ਜਾਂ ਕਿਊਬ ਵੈਨ ਵਿੱਚ ਸਵਾਰ ਲੋਕਾਂ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

4 units 3 bedroom | 2 units 1 bedroom | 1 unit bachelor






For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*